ਨਵੰਬਰ/ November 2023
ਸਾਲ/ Year 08
ਅੰਕ/ Edition 08
ਕੁੱਲ ਸਫੇ/ Total Page 20

Anual Subcription: 500/-

Regd Office:
1195, Ajit Nagar Moga
Pin: 142 001 (Punjab) INDIA

Estd. 2000

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ * ਉਪ ਮੁੱਖ ਸੰਪਾਦਕ : ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

FOLLOW US ON facebook

'ਮਹਿਕ ਵਤਨ ਦੀ ਲਾਈਵ' ਬਿਓਰੋ ਦੀਆਂ ਖਬਰਾਂ, ਲੇਖਾਂ, ਪ੍ਰੋਗਰਾਮਾਂ ਅਤੇ ਹੋਰ ਸਬੰਧਤ ਸਮੱਗਰੀ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ

www.facebook/mehakwatandilive

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜੀਆਂ ਖਬਰਾਂ ਆਨਲਾਈਨ ਪੜ੍ਹਨ ਲਈ ਆਪਣੇ ਫੋਨ, ਟੈਬ ਜਾਂ ਕੰਪਿਊਟਰ ਤੇ ਕਲਿੱਕ ਕਰੋ।

www.mehakwatandilive.com

'ਮਹਿਕ ਵਤਨ ਦੀ ਲਾਈਵ' ਮੈਗਜੀਨ ਅਤੇ ਰੋਜਾਨਾ ਆਨਲਾਈਨ ਅਖਬਾਰ ਵਾਸਤੇ ਲੇਖ, ਆਰਟੀਕਲ ਅਤੇ ਹੋਰ ਸਮੱਗਰੀ ਭੇਜਣ ਲਈ ਈ-ਮੇਲ

mehakwattandi@rediffmail.com

'ਮਹਿਕ ਵਤਨ ਦੀ ਲਾਈਵ' ਰੋਜਾਨਾ ਆਨਲਾਈਨ ਅਖਬਾਰ ਅਤੇ ਵੈੱਬ ਟੀ.ਵੀ. ਵਾਸਤੇ ਖਬਰਾਂ ਭੇਜਣ ਲਈ ਈ-ਮੇਲ

mehakwatandi.tv@gmail.com

## ਅੰਦਰ ਪੜ੍ਹੋ



ਵੈਰਾਗ ਦੀ ਮੂਰਤ ਸਨ : ਬਾਬਾ ਹੀਰਾ ਸਿੰਘ ਜੀ ਖੁਖਰਾਣਾ



'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਸਲਾਨਾ ਡਾਇਰੀ ਦਾ ਦੂਜਾ ਐਡੀਸ਼ਨ ਲੋਕ ਅਰਪਣ ਕਰਦੇ ਹੋਏ ਉੱਘੇ ਸਮਾਜ ਸੇਵੀ ਡਾ. ਐਸ ਪੀ ਸਿੰਘ ਉਬਰਾਏ (ਮੈਨੇਜਿੰਗ ਟਰੱਸਟੀ: ਸਰਬੱਤ ਦਾ ਭਲਾ ਟਰੱਸਟ) ਉਨ੍ਹਾਂ ਦੇ ਨਾਲ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਜਸਟਿਸ ਐਮ ਐਸ ਬੇਦੀ, ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾ, ਪ੍ਰਧਾਨ ਰਣਜੀਤ ਸਿੰਘ ਧਾਲੀਵਾਲ, ਗੁਰਸੇਵਕ ਸਿੰਘ ਸੰਨਿਆਸੀ ਆਦਿ!



ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ ਵਿਖੇ ਸੰਤ ਬਾਬਾ ਹੀਰਾ ਸਿੰਘ ਜੀ ਦੀ 52 ਵੀਂ ਸਾਲਾਨਾ ਬਰਸ਼ੀ ਮੌਕੇ ਦੀਆਂ ਕੁੱਝ ਖਾਸ ਝਲਕੀਆਂ।

ਨਵੇਂ ਸਾਲ ਦੀ ਆਮਦ ਤੇ 'ਨਵਾਂ ਵਰ੍ਹਾਂ 2024' ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤਾ ਜਾਵੇਗਾ।

ਇਸ ਸਪਲੀਮੈਂਟ ਵਿੱਚ ਇਸ਼ਤਿਹਾਰ ਅਤੇ ਹੋਰ ਸਬੰਧਤ ਸਮੱਗਰੀ ਦੇਣ ਲਈ ਜਲਦੀ ਸੰਪਰਕ ਕਰੋ ਜੀ।

ਮੁੱਖ ਸੰਪਾਦਕ
ਭਵਨਦੀਪ ਸਿੰਘ ਪੁਰਬਾ
9988-92-9988

## ਸ਼ਰਧਾ ਤੇ ਧੂਮ-ਧਾਮ ਨਾਲ ਮਨਾਈ ਗਈ ਸੰਤ ਬਾਬਾ ਹੀਰਾ ਸਿੰਘ ਜੀ ਖੁਖਰਾਣੇ ਵਾਲਿਆਂ ਦੀ 52ਵੀ ਸਾਲਾਨਾ ਬਰਸ਼ੀ

ਮੋਗਾ / 03 ਨਵੰਬਰ 2023/ ਭਵਨਦੀਪ ਸਿੰਘ ਪੁਰਬਾ

ਧਰਮ ਅਤੇ ਵਿਰਸੇ ਦਾ ਗਿਆਨ ਵੰਡਣ ਵਾਲੇ ਮਹਾ ਪੁਰਖ ਸੰਤ ਬਾਬਾ ਹੀਰਾ ਸਿੰਘ ਜੀ ਦੀ 52 ਵੀਂ ਸਾਲਾਨਾ ਬਰਸ਼ੀ ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ ਵਿਖੇ ਸੇਵਾਦਾਰ ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲਿਆਂ ਦੀ ਦੇਖ-ਰੇਖ ਹੇਠ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਈ ਗਈ। ਬਰਸ਼ੀ ਦੇ ਸਬੰਧ ਵਿੱਚ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗਾਂ ਉਪਰੰਤ ਧਾਰਮਿਕ ਦੀਵਾਨ ਸਜਿਆ। ਜਿਸ ਕਵੀਸ਼ਰ ਭਾਈ ਗੁਰਬਚਨ ਸਿੰਘ ਸ਼ੇਰਪੂਰੀ ਨੇ ਬਾਬਾ ਹੀਰਾ ਸਿੰਘ ਜੀ ਦੇ ਜੀਵਨ ਬਾਰੇ ਚਾਨਣਾ ਪਾਉਦਿਆਂ ਗੁਰ ਇਤਿਹਾਰ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਬਰਸ਼ੀ ਸਮਾਗਮ ਵਿੱਚ ਬਾਬਾ ਜਸਵੀਰ ਸਿੰਘ ਜੀ ਲੋਹਾਰੇ ਵਾਲੇ ਅਤੇ ਬਾਬਾ ਮਲੂਕ ਸਿੰਘ ਜੀ ਖੁਖਰਾਣੇ ਵਾਲੇ ਮੁੱਖ ਤੌਰ ਤੇ ਹਾਜਰ ਹੋਏ। ਬਰਸ਼ੀ ਸਬੰਧੀ ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ ਵਿਖੇ ਆਰੰਭਤਾ ਦੇ ਪਹਿਲੇ ਦੋ ਦਿਨਾ ਦੋਰਾਨ ਹੋਏ ਬਾਣੀ ਦੇ ਪ੍ਰਵਾਹ ਵਿੱਚ ਸੰਗਤਾ ਨੇ ਵਿਸ਼ੇਸ਼ ਉਤਸ਼ਾਹ ਵਿਖਾਇਆ। ਬਰਸ਼ੀ ਦੇ ਭੋਗ ਉਪਰੰਤ ਇਸ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਨਿਭਾਉਣ ਵਾਲੇ ਸੇਵਾਦਾਰਾਂ ਅਤੇ ਹਾਜਰ ਹੋਏ ਸੰਤਾਂ ਮਹਾਪੁਰਖਾਂ ਦਾ ਗੁਰਦੁਆਰਾ ਬਾਬਾ ਹੀਰਾ ਸਿੰਘ ਜੀ ਖੁਖਰਾਣਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਇਸ ਸਥਾਨ ਦੀਆਂ ਪ੍ਰਬੰਧਕ ਬੀਬੀਆਂ ਨੂੰ ਗੁਰੂਘਰ ਵੱਲੋਂ ਸ਼ਾਲਾ (ਦੁਪੱਟਿਆਂ) ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਬਰਸ਼ੀ ਸਮਾਗਮਾਂ ਦੌਰਾਨ ਲੜੀਆ, ਪਾਰਕਿੰਗ ਦਾ ਸੁਚੱਜਾ ਪ੍ਰਬੰਧ, ਵੱਖ-ਵੱਖ ਪ੍ਰਕਾਰ ਦੇ ਸਜੇ ਸਮਾਨ ਦੀਆਂ ਦੁਕਾਨਾ ਅਤੇ ਬੱਚਿਆਂ ਦੇ ਝੂਲੇ ਆਦਿ ਦਾ ਮਨਮੋਹਕ ਦ੍ਰਿਸ਼ ਵੇਖਣਯੋਗ ਸੀ।

ਇਸ ਸਮਾਗਮ ਦੌਰਾਨ ਪ੍ਰਬੰਧਕ ਕਮੇਟੀ ਦੇ ਮੈਂਬਰ ਹਰਪ੍ਰੀਤ ਸਿੰਘ ਪੀਤਾ, ਸੁਖਵਿੰਦਰ ਸਿੰਘ, ਜੀਤਾ ਸਿੰਘ ਮੈਂਬਰ, ਜਗਤਾਰ ਸਿੰਘ ਤਾਰਾ, ਜਗਸੀਰ ਸਿੰਘ, ਮਨਵੀਰ ਸਿੰਘ ਨੈਸਲੇ, ਅਮਨਜੋਤ ਸਿੰਘ ਜੋਤੀ, ਰਣਵੀਰ ਸਿੰਘ ਨੇਕੀ, ਵਿਕਰਮ ਸਿੰਘ ਵਿੱਕੀ, ਹਰਬੰਸ ਸਿੰਘ, ਹਰਪਾਲ ਸਿੰਘ ਤੋਂ ਇਲਾਵਾ ਸ. ਗੁਰਮੇਲ ਸਿੰਘ ਪੁਰਬਾ (ਰਿਟਾ. ਏ.ਏ.ਓ. ਯੂਨਾਇਟਡ ਇੰਡਿਆਂ), 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਉੱਪ-ਮੁੱਖ ਸੰਪਾਦਕ ਮੈਡਮ ਭਾਗਵੰਤੀ ਪੁਰਬਾ, ਅਮਰਜੀਤ ਸਿੰਘ ਖੁਖਰਾਣਾ, ਕਮਲਜੀਤ ਸਿੰਘ ਪੁਰਬਾ, ਬਲਸ਼ਰਨ ਸਿੰਘ ਪੁਰਬਾ, ਸ਼੍ਰੀ ਮਤੀ ਕਰਮਜੀਤ ਕੌਰ, ਮੈਡਮ ਰੀਨਾ, ਮੈਡਮ ਅਮਨਦੀਪ ਕੌਰ ਪੁਰਬਾ, ਜਸਪ੍ਰੀਤ ਕੌਰ ਲੁਧਿਆਣਾ, ਗੁਰਲੀਨ ਕੌਰ ਪੁਰਬਾ, ਏਕਮਜੋਤ ਸਿੰਘ, ਉਮੰਗਦੀਪ ਕੌਰ, ਚੰਦਨਪ੍ਰੀਤ ਕੌਰ, ਨਵਤਾਜ ਸਿੰਘ, ਸ਼੍ਰੀ ਮਤੀ ਸ਼ਰਬਜੀਤ ਕੌਰ ਲੋਹਾਰਾ, ਸ਼੍ਰੀ ਮਤੀ ਰਾਜ ਕੌਰ ਆਦਿ ਤੋਂ ਇਲਾਵਾ ਸਮੁੱਚੇ ਇਲਾਕੇ ਅਤੇ ਦੂਰ ਦੁਰਾਡੇ ਤੋਂ ਵੀ ਸੰਗਤ ਭਾਰੀ ਗਿਣਤੀ ਵਿੱਚ ਹਾਜਰ ਹੋਈ।

# ਡਾ. ਐਸ ਪੀ ਸਿੰਘ ਉਬਰਾਏ ਵੱਲੋਂ 'ਮਹਿਕ ਵਤਨ ਦੀ ਲਾਇਵ' ਬਿਓਰੋ ਦੀ ਡਾਇਰੀ ਦਾ ਦੂਜਾ ਐਡੀਸ਼ਨ ਲੋਕ ਅਰਪਣ

### ਮੈਨੂੰ ਮਾਣ ਹੈ ਕਿ ਮੈਂ ਡਾ. ਐਸ ਪੀ ਸਿੰਘ ਉਬਰਾਏ ਜੀ ਦੇ ਟਰੱਸਟ ਦਾ ਜ਼ਿਲ੍ਹਾ ਪ੍ਰੈਸ ਸਕੱਤਰ ਹਾਂ -ਭਵਨਦੀਪ

ਮੋਗਾ/ 26 ਨਵੰਬਰ 2023/ ਮਵਦੀਲਾ ਬਿਓਰੋ

'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਨੇ ਆਪਣੇ ਨਿੱਜੀ ਦਫਤਰ ਤੋਂ ਪ੍ਰੈਸ ਨੋਟ ਜਾਰੀ ਕਰਦਿਆ ਦੱਸਿਆ ਕਿ 'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਸਲਾਨਾ ਡਾਇਰੀ 2024 ਦਾ ਦੂਜਾ ਐਡੀਸ਼ਨ ਸਰਬੱਤ ਦਾ ਭਲਾ ਚੇਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਉੱਘੇ ਸਮਾਜ ਸੇਵੀ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਵੱਲੋਂ ਕੋਟ-ਈਸੇ-ਖਾਂ ਵਿਖੇ ਆਪਣੇ ਕਰ ਕਮਲਾ ਨਾਲ ਲੋਕ ਅਰਪਣ ਕੀਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਸਲਾਨਾ ਡਾਇਰੀ ਦਾ ਪਹਿਲਾ ਐਡੀਸ਼ਨ ਦੀਵਾਲੀ ਮੌਕੇ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਅਤੇ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਵੱਲੋਂ ਰੀਲੀਜ ਕੀਤਾ ਗਿਆ ਸੀ। ਡਾਇਰੀ ਦਾ ਦੂਸਰਾ ਨਵੇਂ ਸਾਲ ਦਾ ਐਡੀਸ਼ਨ ਉਬਰਾਏ ਸਾਹਿਬ ਵੱਲੋਂ ਰੀਲੀਜ ਕੀਤਾ ਗਿਆ ਹੈ। ਇਸ ਮੌਕੇ ਭਵਨਦੀਪ ਵੱਲੋਂ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਨਾਲ 'ਮਹਿਕ ਵਤਨ ਦੀ ਲਾਈਵ' ਮੈਗਜੀਨ, ਆਨਲਾਈਨ ਅਖਬਾਰ ਅਤੇ ਵੈੱਬ ਟੀ.ਵੀ. ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਭਵਨਦੀਪ ਸਿੰਘ ਪੁਰਬਾ ਨੇ ਕਿਹਾ ਕਿ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਓਬਰਾਏ ਸਾਹਿਬ ਦੇ ਟਰੱਸਟ ਦਾ ਜਿਲ੍ਹਾ ਪ੍ਰੈਸ ਸਕੱਤਰ ਹਾਂ।

ਇਸ ਮੌਕੇ ਡਾ. ਐਸ ਪੀ ਸਿੰਘ ਉਬਰਾਏ ਜੀ ਦੇ ਨਾਲ ਡਾ. ਦਲਜੀਤ ਸਿੰਘ ਗਿੱਲ (ਸਲਾਹਕਾਰ, ਸਿਹਤ ਸੇਵਾਵਾਂ), ਡਾ. ਬੇਦੀ ਜੀ, ਕੁਲਦੀਪ ਸਿੰਘ ਅਤੇ ਟਰੱਸਟ ਦੀ ਮੋਗਾ ਜਿਲ੍ਹੇ ਦੀ ਇਕਾਈ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਪ੍ਰਧਾਨ ਰਣਜੀਤ ਸਿੰਘ ਧਾਲੀਵਾਲ, ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਰੂਰਲ ਐਨ.ਜੀ.ਓ. ਕਲੱਬਜ ਐਸੋਸ਼ੀਏਸ਼ਨ ਦੇ ਜਿਲ੍ਹਾ ਪ੍ਰਧਾਨ ਤੇ ਟਰੱਸਟੀ ਹਰਭਿੰਦਰ ਸਿੰਘ ਜਾਨੀਆ, ਖਜਾਨਚੀ ਗੋਕਲ ਚੰਦ ਬੁੱਘੀਪੁਰਾ, ਸਾਬਕਾ ਚੇਅਰਮੈਨ ਗੁਰਬਚਨ ਸਿੰਘ ਗਗੜਾ, ਜਗਤਾਰ ਸਿੰਘ ਜਾਨੀਆ, ਹਰਭਜਨ ਸਿੰਘ ਗਗੜਾ, ਦਰਸ਼ਨ ਸਿੰਘ ਲੋਪੋ, ਗੁਰਸੇਵਕ ਸਿੰਘ ਸੰਨਿਆਸੀ, ਰਾਮ ਸਿੰਘ ਜਾਨੀਆ, ਗੁਰਚਰਨ ਸਿੰਘ ਕਾਕਾ ਆਦਿ ਮੁੱਖ ਤੌਰ ਤੇ ਹਾਜਰ ਸਨ।

ਸਭ ਤੋਂ ਛੋਟੀਆਂ ਉਮਰਾਂ ਦੇ ਸਭ ਤੋਂ ਵੱਡੇ ਸ਼ਹੀਦ

ਬਾਬਾ ਜੋਰਾਵਰ ਸਿੰਘ ਜੀ,
ਬਾਬਾ ਫਤਹਿ ਸਿੰਘ ਜੀ
ਅਤੇ ਮਾਤਾ ਗੁਜਰੀ ਜੀ
ਦੀ ਸ਼ਹਾਦਤ ਨੂੰ
ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।





ਸੇਵਾਦਾਰ: ਬਾਬਾ ਜਸਵਿੰਦਰ ਸਿੰਘ ਜੀ
ਬੱਧਣੀ ਖੁਰਦ ਵਾਲੇ

ਵੱਲੋਂ: ਸਮੂੰਹ ਪ੍ਰਬੰਧਕ ਅਤੇ ਸੇਵਾਦਾਰ

ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ
ਪਿੰਡ ਖੁਖਰਾਣਾ (ਮੋਗਾ)



ਸਭ ਤੋਂ ਛੋਟੀਆਂ ਉਮਰਾਂ ਦੇ ਸਭ ਤੋਂ ਵੱਡੇ ਸ਼ਹੀਦ ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।

ਵੱਲੋਂ: ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ
ਮੁੱਖ ਸੇਵਾਦਾਰ:
ਗੁ: ਦੁੱਖ ਭੰਜਨਸਰ ਸਾਹਿਬ ਖੁਖਰਾਣਾ

ਮੋ. 98153-11318



ਜਾਰੀ ਕਰਤਾ : ਦੁੱਖ ਭੰਜਨ ਸੇਵਾ ਸੁਸਾਇਟੀ (ਰਜਿ:) ਖੁਖਰਾਣਾ

## ਸੰਪਾਦਕ ਦੀ ਕਲਮ 'ਚੋਂ ...

**ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ**

# ਵੈਰਾਗ ਦੀ ਮੂਰਤ ਸਨ : ਬਾਬਾ ਹੀਰਾ ਸਿੰਘ ਜੀ ਖੁਖਰਾਣਾ

ਸੰਤ ਬਾਬਾ ਹੀਰਾ ਸਿੰਘ ਜੀ ਦੇ ਜੀਵਨ ਬਾਰੇ ਲਿਖਣ ਦਾ ਨਿਮਾਣੀ ਜਿਹੀ ਕੋਸ਼ਿਸ ਕੀਤੀ ਹੈ, ਬਾਬਾ ਜੀ ਕ੍ਰਿਪਾ ਕਰਨ। ਮੇਰੇ ਪਿਤਾ ਜੀ ਸਰਦਾਰ ਗੁਰਮੇਲ ਸਿੰਘ ਪੁਰਬਾ ਨੂੰ ਕਾਫੀ ਲੰਮਾਂ ਸਮਾਂ ਸੰਤ ਬਾਬਾ ਹੀਰਾ ਸਿੰਘ ਜੀ ਖੁਖਰਾਣੇ ਵਾਲਿਆਂ ਨਾਲ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹ ਸੰਤ ਬਾਬਾ ਹੀਰਾ ਸਿੰਘ ਜੀ ਦੇ ਨਾਲ ਡੇਹਰਾਦੂਨ ਵਿਖੇ ਵੀ ਰਹੇ। ਮੇਰੇ ਪਿਤਾ ਜੀ ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਦੇ ਚਰਨਾ ਨਾਲ ਜੁੜੇ ਹੋਏ ਸਨ। ਸੰਤ ਬਾਬਾ ਤਾਰਾ ਸਿੰਘ ਜੀ ਔਗੜਾਂ ਵਾਲੇ ਅਤੇ ਸੰਤ ਬਾਬਾ ਹੀਰਾ ਸਿੰਘ ਜੀ ਖੁਖਰਾਣੇ ਵਾਲੇ, ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਦੇ ਸ਼ਗਿਰਦ ਸਨ। ਇਨ੍ਹਾਂ ਨੇ ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਦੇ ਕੋਲ ਰਹਿ ਕੇ ਧੂਣੇ ਧਾਪੇ, ਭਜਨ ਬੰਦਗੀ ਕੀਤੀ। ਗੁਰੂ ਸ਼ਿਸ ਦੀ ਪ੍ਰਮਪਰਾ ਨੂੰ ਨਿਭਾਉਂਦੇ ਹੋਏ ਆਪਣੇ ਗੁਰੂ ਦੇ ਹਰੇਕ ਬਚਨ ਤੇ ਫੁੱਲ ਚੜਾਏ।

ਸੰਤ ਬਾਬਾ ਹੀਰਾ ਸਿੰਘ ਜੀ ਤਲਵੰਡੀ ਮੱਜੋ ਕੀ ਪਿੰਡ ਦੇ ਨਿਵਾਸੀ ਸਨ। ਇਹ ਪਿੰਡ ਭਦੌੜ ਦੇ ਨੇੜੇ ਹੈ। ਆਪ ਜੀ ਗ੍ਰਹਿਸਥੀ ਜੀਵਨ ਬਤੀਤ ਕਰ ਰਹੇ ਸਨ। ਜਿਮੀਦਾਰ ਪ੍ਰੀਵਾਰ ਵਿੱਚੋਂ ਸਨ। ਆਪ ਜੀ ਦੇ ਤਿੰਨ ਲੜਕੇ ਅਤੇ ਇੱਕ ਲੜਕੀ ਸੀ। ਬਾਬਾ ਜੀ ਦੀ ਇੱਕ ਭੈਣ ਅਤੇ ਇੱਕ ਲੜਕੀ ਲੁਹਾਰੇ ਪਿੰਡ ਵਿਆਹੀ ਹੋਈ ਸੀ। ਆਪ ਜੀ ਗੁਰਮੁਖ ਸੁਭਾਅ ਦੇ ਸਨ। ਆਪ ਜੀ ਨੂੰ ਸੰਤ ਮਹਾਤਮਾਂ ਦੀ ਸੰਗਤ ਕਰਨ ਤੇ ਬਹੁਤ ਖੁਸ਼ੀ ਮਿਲਦੀ ਸੀ। ਇੱਕ ਵਾਰ ਆਪ ਜੀ ਲੋਹਾਰੇ ਆਪਣੇ ਰਿਸਤੇਦਾਰਾਂ ਨੂੰ ਮਿਲਣ ਆਏ ਤਾਂ ਆਪ ਜੀ ਨੂੰ ਪਤਾ ਲੱਗਾ ਕਿ ਇੱਥੇ ਇੱਕ ਪੁੱਜੇ ਹੋਏ ਮਹਾਂਪੁਰਖ ਰਹਿੰਦੇ ਹਨ। ਆਪ ਉਸੇ ਵੇਲੇ ਬਾਬਾ ਜੀ ਦੇ ਦਰਸ਼ਨਾਂ ਲਈ ਪੁੱਜ ਗਏ। ਬਸ ਸੰਤ ਬਾਬਾ ਨੰਦ ਸਿੰਘ ਜੀ ਦੇ ਦਰਸ਼ਨ ਕਰਨ ਦੀ ਦੇਰ ਸੀ ਕਿ ਪਿੱਛਾ ਸਭ ਭੁੱਲ ਗਿਆ। ਬਸ ਆਪ ਜੀ ਸੰਤ ਬਾਬਾ ਨੰਦ ਸਿੰਘ ਜੀ ਦੇ ਹੋ ਕੇ ਰਹਿ ਗਏ। ਲੋਹਾਰੇ ਵਾਲੇ ਰਿਸ਼ਤੇਦਾਰ ਆਏ ਅਤੇ ਉਨ੍ਹਾਂ ਨੇ ਬਾਬਾ ਹੀਰਾ ਸਿੰਘ ਜੀ ਨੂੰ ਵਾਪਸ ਜਾਣ ਲਈ ਕਿਹਾ। ਪ੍ਰੰਤੂ ਉਹਨਾਂ ਨੂੰ ਅਸਲੀ ਗੁਰੂ ਮਿਲ ਗਿਆ ਸੀ। ਉਹਨਾਂ ਨੂੰ ਤਾਂ ਜੀਵਨ ਦਾ ਭੇਦ ਸਮਝ ਆ ਗਿਆ ਸੀ ਉਹ ਵਾਪਸ ਨਹੀਂ ਗਏ। ਰਿਸ਼ਤੇਦਾਰਾਂ ਨੇ ਬਹੁਤ ਜ਼ੋਰ ਦੇਣ ਤੇ ਬਾਬਾ ਨੰਦ ਸਿੰਘ ਜੀ ਨੇ ਪਿੰਡ ਚਲੇ ਜਾਣ ਲਈ ਕਿਹਾ। ਬਾਬਾ ਨੰਦ ਸਿੰਘ ਜੀ ਦੇ ਕਹਿਣ ਤੇ ਬਾਬਾ ਹੀਰਾ ਸਿੰਘ ਜੀ ਘਰ ਚਲੇ ਗਏ ਪਰ  ਦੂਸਰੇ ਦਿਨ ਆਪ ਜੀ ਫਿਰ ਵਾਪਸ ਆ ਗਏ।

ਫਿਰ ਬਾਬਾ ਹੀਰਾ ਸਿੰਘ ਜੀ ਨੇ ਲੋਹਾਰੇ ਆ ਕੇ ਬਹੁਤ ਸੇਵਾ ਕੀਤੀ। ਉਹਨਾਂ ਨੇ ਇੱਥੇ ਬਹੁਤ ਸਾਰੇ ਫਲਦਾਰ ਬੂਟੇ ਲਗਾਏ ਅਤੇ ਇਸ ਸਥਾਨ ਨੂੰ ਬਹੁਤ ਹੀ ਰਮਨੀਕ ਅਤੇ ਬਾਗ ਵਿੱਚ ਤਬਦੀਲ ਕਰ ਦਿੱਤਾ। ਘਰ ਵਾਲਿਆਂ ਨੂੰ ਜਮੀਨ ਦਾ ਫਿਕਰ ਪੈ ਗਿਆ। ਸੰਤ ਬਾਬਾ ਨੰਦ ਸਿੰਘ ਜੀ ਦੇ ਕਹਿਣ ਤੇ ਆਪਣੀ ਜਮੀਨ ਆਪਣੇ ਪੁੱਤਰਾਂ ਦੇ ਨਾ ਕਰਵਾ ਦਿੱਤੀ। ਫਿਰ ਬਾਬਾ ਹੀਰਾ ਸਿੰਘ ਜੀ 20 ਸਾਲ ਸੰਤ ਬਾਬਾ ਨੰਦ ਸਿੰਘ ਜੀ ਕੋਲ ਲੋਹਾਰੇ ਰਹੇ। ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਦੇ ਸ਼ਗਿਰਦ ਬਣਕੇ ਭਜਨ, ਬੰਦਗੀ ਅਤੇ ਗੁਰਬਾਣੀ ਦੀ ਸੰਥਿਆਂ ਪ੍ਰਾਪਤ ਕੀਤੀ। ਸੰਤ ਬਾਬਾ ਤਾਰਾ ਸਿੰਘ ਜੀ ਬਾਬਾ ਨੰਦ ਸਿੰਘ ਜੀ ਨੂੰ ਪਿਤਾ ਜੀ ਕਹਿ ਕੇ ਬੁਲਾਉਂਦੇ ਸਨ। ਉਨ੍ਹਾਂ ਦੇ ਦੱਸਣ ਮੁਤਾਬਕ ਬਾਬਾ ਹੀਰਾ ਸਿੰਘ ਜੀ ਵਿੱਚ ਵੈਰਾਗ ਬਹੁੱਤ ਜਿਆਦਾ ਸੀ। ਜਦੋਂ ਉਹ ਬਾਣੀ ਪੜ੍ਹਦੇ ਸੀ ਤਾਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਹੰਝੂ ਆ ਜਾਂਦੇ ਸੀ।

ਫਿਰ ਸੰਤ ਬਾਬਾ ਨੰਦ ਸਿੰਘ ਜੀ ਨੇ ਬਾਬਾ ਤਾਰਾ ਸਿੰਘ ਜੀ ਅਤੇ ਬਾਬਾ ਹੀਰਾ ਸਿੰਘ ਨੂੰ ਚਲੀਸੇ ਤੇ ਬਿਠਾਇਆ। ਇਸੇ ਤਰ੍ਹਾਂ ਹੌਲੀ ਹੌਲੀ ਬਾਬਾ ਜੀ ਨੇ ਸਾਰਿਆਂ ਤੇ ਬਖਸ਼ਿਸ਼ ਕੀਤੀ। ਬਾਬਾ ਹੀਰਾ ਸਿੰਘ ਜੀ ਨੂੰ ਖੁਖਰਾਣੇ ਭੇਜ ਦਿੱਤਾ। ਜਿਸ ਕਾਰਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ ਵਿਖੇ ਪਿੰਡ ਦੇ ਬਾਹਰ-ਬਾਹਰ ਸ਼ਹੀਦਾ ਦੀ ਜਗ੍ਹਾ ਤੇ ਆ ਬੇਰੀ ਦੇ ਰੁੱਖ ਨਾਲ ਕੱਚੇ ਕਾਨਿਆ ਦੀ ਛੰਨ (ਛੱਪਰੀ) ਪਾਈ ਅਤੇ ਉਥੇ ਹੀ ਭਜਨ ਬੰਦਗੀ ਕਰਨ ਲੱਗ ਪਏ। ਇਹ ਜਠੇਰੇਆ ਦੀ ਜਗ੍ਹਾਂ ਸੀ। ਪਹਿਲਾ ਦਰਜੀਆਂ ਦੇ ਘਰ ਇਸ ਜਗ੍ਹਾਂ ਤੇ ਮਿੱਟੀ ਕੱਢਦੇ ਸੀ। ਬਾਬਾ ਹੀਰਾ ਸਿੰਘ ਜੀ ਨੇ ਇਹ ਪ੍ਰਮਪਰਾ ਬੰਦ ਕਰ ਦਿੱਤੀ ਅਤੇ ਇਸ ਸਥਾਨ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਦਿੱਤਾ। ਹੋਲੀ ਹੋਲੀ ਪਿੰਡ ਦੇ ਲੋਕਾਂ ਨੂੰ ਮਹਾਪੁਰਖਾਂ ਦੇ ਕਾਰਨਾਮਿਆ ਦਾ ਗਿਆਨ ਹੋਣ ਲੱਗਾ ਤੇ ਸੰਗਤ ਸ਼ਰਧਾ ਨਾਲ ਇਸ ਸਥਾਨ ਤੇ ਆਉਣ ਲੱਗੀ। ਅੱਜ ਅਸਥਾਨ ਤੇ ਅੱਜ ਬਾਬਾ ਹੀਰਾ ਸਿੰਘ ਜੀ ਦਾ ਤਪ ਅਸਥਾਨ ਗੁਰਦੁਆਰਾ ਬਾਬਾ ਹੀਰਾ ਸਿੰਘ ਜੀ ਸਸੋਭਿੰਤ ਹੈ।

ਉਸ ਸਮੇਂ ਪ੍ਰਮਤਾਮਾਂ ਦੀ ਲੀਲਾ ਦਿਖਾਈ। ਬਾਬਾ ਹੀਰਾ ਸਿੰਘ ਜੀ ਨੂੰ ਟੀ.ਵੀ. ਦੀ ਬੀਮਾਰੀ ਹੋ ਗਈ। ਉਸ ਸਮੇਂ ਪੰਜਾਬ ਵਿੱਚ ਟੀ.ਵੀ. ਦੀ ਬੀਮਾਰੀ ਦਾ ਇਲਾਜ ਨਹੀਂ ਸੀ। ਬਾਬਾ ਨੰਦ ਸਿੰਘ ਜੀ, ਬਾਬਾ ਹੀਰਾ ਸਿੰਘ ਜੀ ਦਾ ਇਲਾਜ ਕਰਵਾਉਣ ਉਨ੍ਹਾਂ ਨੂੰ ਲੈ ਕੇ ਡੇਹਰਾਦੂਨ ਵਿਖੇ ਜਾਂਦੇ ਸੀ। ਫੇਰ ਉਨ੍ਹਾਂ ਨੇ ਬਾਬਾ ਹੀਰਾ ਸਿੰਘ ਜੀ ਨੂੰ ਪੱਕੇ ਤੌਰ ਤੇ ਹੀ ਡੇਰਰਾਡੂਨ ਛੱਡ ਦਿੱਤਾ। ਡੇਹਰਾਡੂਨ ਪਟਿਆਲਾ ਰਿਆਸਤ ਦੀਆਂ ਰਾਣੀਆਂ ਹੁੰਦੀਆਂ ਸਨ। ਵੱਡੀ ਰਾਣੀ ਤੇਜ ਕੌਰ ਗੁਰੂਘਰ ਦੀ ਬਹੁੱਤ ਹੀ ਸ਼ਰਧਾਲੂ ਇਸਤਰੀ ਸੀ। ਉਸ ਨੇ ਦੋ ਕੋਠੀਆਂ ਸਾਧੂ ਸੰਤਾਂ ਲਈ ਹੀ ਰੱਖੀਆਂ ਹੋਈਆਂ ਸਨ। ਬਾਬਾ ਨੰਦ ਸਿੰਘ ਜੀ ਨੇ ਬਾਬਾ ਹੀਰਾ ਸਿੰਘ ਜੀ ਨੂੰ ਉਸ ਰਾਣੀ ਕੋਲ ਛੱਡ ਦਿੱਤਾ। ਬਾਬਾ ਹੀਰਾ ਸਿੰਘ ਜੀ ਦੀ ਸੇਵਾ ਸੰਭਾਲ ਲਈ ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਨੇ ਮੇਰੇ ਪਿਤਾ ਜੀ ਸ. ਗੁਰਮੇਲ ਸਿੰਘ ਪੁਰਬਾ ਨੂੰ ਵੀ ਉਨ੍ਹਾਂ ਦੇ ਕੋਲ ਹੀ ਛੱਡ ਦਿੱਤਾ। ਮੇਰੇ ਪਿਤਾ ਜੀ ਨੇ ਆਪਣੀ ਉਚੇਰੀ ਸਿੱਖਿਆ ਵੀ ਡੇਰਰਾਡੂਨ ਤੋਂ ਹੀ ਪ੍ਰਾਪਤ ਕੀਤੀ। ਅੰਤਿਮ ਸਮੇਂ ਬਾਬਾ ਹੀਰਾ ਸਿੰਘ ਜੀ ਨੇ ਮੇਰੇ ਪਿਤਾ ਜੀ ਨੂੰ ਕਿਹਾ ਕਿ ਆਪਣੇ ਪਿੰਡ ਖੁਖਰਾਣੇ ਵਿਖੇ ਪੱਕੇ ਬਿਸਤਰੇ ਲਗਾ ਲਈਏ ਅਤੇ ਕੁੱਝ ਦਿਨ੍ਹਾਂ ਬਾਅਦ 1971 ਵਿੱਚ ਬਾਬਾ ਹੀਰਾ ਸਿੰਘ ਜੀ ਡੇਹਰਾਡੂਨ ਵਿਖੇ ਹੀ ਸਰੀਰ ਛੱਡ ਗਏ। ਪੱਕੇ ਬਿਸਤਰੇ ਲਗਾਉਣ ਬਾਰੇ ਇਹ ਬਾਬਾ ਹੀਰਾ ਸਿੰਘ ਜੀ ਦੀ ਕੋਈ ਗਹਿਰੀ ਰਮਝ ਹੀ ਸੀ ਜਿਸ ਨੂੰ ਆਪਾਂ ਦੁਨਿਆਵੀ ਲੋਕ ਨਹੀਂ ਸਮਝ ਸਕਦੇ। ਹੁਣ ਬਾਬਾ ਹੀਰਾ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਬਾਬਾ ਹੀਰਾ ਸਿੰਘ ਜੀ ਵਿਖੇ ਪੱਕੇ ਬਿਸਤਰੇ ਲੱਗੇ ਹੋਏ ਹਨ। ਬਾਬਾ ਹੀਰਾ ਸਿੰਘ ਜੀ ਦੀ ਸਲਾਨਾ ਬਰਸ਼ੀ 17 ਮੱਘਰ ਨੂੰ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਈ ਜਾਦੀ ਹੈ।


International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd No. PUNPUN 04016 Year 8 Edition 09 Issue Date 20-12-2023

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ ਪ੍ਰੇਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਵਿਸ਼ੇਸ਼ ਪ੍ਰਤੀਨਿਧ (ਕੈਨੇਡਾ) : ਗੁਰਸੇਵਕ ਸਿੰਘ ਪੁਰਬਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਰੇਵਾਲਾ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ







GURU NANAK
LIBRARY
ऑनलाईन फार्म
एडमिशन फार्म
रिजल्ट
पासपोर्ट
पैन कार्ड
लैमिनेशन
यहां पर सभी प्रकार के Competition से Related Books
मार्किट से सस्ते रेटों पर मिलती है।
यहां पर IGNOU, के सभी प्रकार
के फार्म भरने की सुविधा है।
99929-99115
onlinesolution811@gmail.com



ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿ.ਫਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**

'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।




# ਗੁਰੂ ਹਰਿਗੋਬਿੰਦ ਸਾਹਿਬ

ਡਾ. ਗੁਰਸ਼ਰਨਜੀਤ ਸਿੰਘ

# ਇਤਿਹਾਸਕ ਪੁਨਰ-ਵਿਸ਼ਲੇਸ਼ਣ



ਇਤਿਹਾਸਕਾਰ 'ਛਠਮ ਪੀਰ' ਦੇ ਗੁਰਿਆਈ ਕਾਲ ਨੂੰ ਸਿੱਖ ਲਹਿਰ ਦਾ ਦੂਜਾ ਮਹੱਤਵਪੂਰਨ ਪੜਾਅ ਮੰਨਦੇ ਹਨ। ਪਹਿਲੇ ਪੜਾਅ ਵਿਚ ਸਿੱਖ ਲਹਿਰ ਦਾ ਆਰੰਭ ਹੋਇਆ ਅਤੇ ਗੁਰੂ ਅਮਰਦਾਸ ਜੀ ਦੇ ਸਮੇਂ ਤੱਕ ਇਹ ਲਹਿਰ ਸਪੱਸ਼ਟ ਰੂਪ ਵਿਚ 'ਤੀਸਰਿ ਪੰਥ' ਵਜੋਂ ਨਿਖਰ ਕੇ ਸਾਹਮਣੇ ਆ ਚੁੱਕੀ ਸੀ। ਇਸੇ ਪੜਾਅ ਵਿਚ ਚੌਥੇ ਅਤੇ ਪੰਜਵੇਂ ਪਾਤਸ਼ਾਹ ਦੇ ਸਮੇਂ ਇਹ ਲਹਿਰ ਗਰੀਬਾਂ, ਕਿਸਾਨਾਂ, ਅਛੂਤਾਂ, ਵਪਾਰੀਆਂ ਅਤੇ ਦਸਤਕਾਰਾਂ ਆਦਿ ਵਿਚ ਫੈਲ ਗਈ ਸੀ। ਖਾਸ ਕਰਕੇ ਮਾਝੇ ਵਿਚ ਜਿਸ ਤਰ੍ਹਾਂ 'ਤੀਸਰਿ ਪੰਥ' ਫੈਲਿਆ, ਉਸ ਨੂੰ ਵੇਖ ਕੇ ਇਸ ਲਹਿਰ ਦੇ ਵਿਰੋਧੀ ਬੁਖਲਾ ਉਠੇ। ਪ੍ਰਚਾਰ ਦਾ ਕੰਮ ਮਸੰਦ ਬਾ-ਖੂਬੀ ਨਿਭਾ ਰਹੇ ਸਨ, ਨਵੇਂ ਸ਼ਹਿਰ ਆਬਾਦ ਹੋ ਰਹੇ ਸਨ, ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਵੀ ਸਿਰੇ ਚੜ੍ਹ ਚੁੱਕਾ ਸੀ। ਗੁਰੂ ਅਰਜਨ ਸਾਹਿਬ ਦੇ ਸੁਚੱਜੇ ਪ੍ਰਬੰਧ ਅਤੇ ਸਿੱਖੀ ਵਿਚਾਰਧਾਰਾ ਦੀ ਸਰਲਤਾ ਨੇ ਹਰ ਆਮ ਵਿਅਕਤੀ ਨੂੰ ਪ੍ਰਭਾਵਿਤ ਕੀਤਾ ਸੀ। ਸਿਮਰਨ, ਨਿਮਰਤਾ, ਸੇਵਾ ਅਤੇ ਵੰਡ ਛਕਣ ਵਰਗੇ ਗੁਣਾਂ ਕਰਕੇ ਲੋਕ-ਸਮੂਹ ਸਿੱਖ ਮੱਤ ਵਿਚ ਪ੍ਰਵੇਸ਼ ਕਰ ਰਹੇ ਸਨ। ਅੰਮ੍ਰਿਤਸਰ ਅਤੇ ਹੋਰ ਕੇਂਦਰਾਂ ਉੱਪਰ ਹਰ ਸਮੇਂ ਸ਼ਰਧਾਲੂਆਂ ਦੀ ਭੀੜ ਲੱਗੀ ਰਹਿੰਦੀ ਸੀ। ਸ਼ਰਧਾਲੂਆਂ ਦੀਆਂ ਭੇਟਾਵਾਂ ਅਤੇ ਮਸੰਦਾਂ ਦੁਆਰਾ ਇਕੱਠਾ ਕੀਤਾ ਦਸਵੰਧ, ਗੁਰੂ-ਘਰ ਨੂੰ ਕਦੇ ਆਰਥਿਕ ਸੰਕਟ ਨਾ ਆਉਣ ਦਿੰਦਾ।

ਲਹਿਰਾਂ ਦੀ ਚੜ੍ਹਾਈ ਦੇ ਇਹ ਸਮੇਂ, ਲਹਿਰਾਂ ਲਈ ਦੋ ਕਾਰਨਾਂ ਕਰਕੇ ਮਹੱਤਵਪੂਰਨ ਹੁੰਦੇ ਹਨ। ਇਸ ਸਮੇਂ ਲਹਿਰ ਦੇ ਆਗੂ ਦੀ ਥੋੜ੍ਹੀ ਜਿਹੀ ਲਾ-ਪਰਵਾਹੀ ਵੀ ਲਹਿਰ ਖ਼ਤਮ ਕਰ ਸਕਦੀ ਹੈ। ਦੋ ਕਾਰਨ ਇਹ ਹੁੰਦੇ ਹਨ-

(ੳ) ਲਹਿਰ ਦਾ ਸਰਬਪੱਖੀ ਵਿਕਾਸ ਹੋਣਾ

(ਅ) ਲਹਿਰ ਦਾ ਵਿਰੋਧ ਹੋਣਾ

ਪਹਿਲੇ ਦੀ ਥਾਂ ਕਈ ਵੇਰਾਂ ਦੂਜਾ ਕਾਰਨ ਵਧੇਰੇ ਭਾਰੂ ਹੋਣ ਦੀ ਸੂਰਤ ਵਿਚ, ਸਿਖਰ 'ਤੇ ਪਹੁੰਚੀ ਲਹਿਰ ਦਾ ਨਾਮੋ-ਨਿਸ਼ਾਨ ਵੀ ਮਿਟ ਸਕਦਾ ਹੈ। ਇਤਿਹਾਸ ਦੇ ਖੂਹ-ਖਾਤੇ ਵਿਚ ਪਤਾ ਨਹੀਂ ਅਜਿਹੀਆਂ ਕਿੰਨੀਆਂ ਲਹਿਰਾਂ ਹੋਣਗੀਆਂ, ਜਿਨ੍ਹਾਂ ਨੂੰ ਵਿਰੋਧੀਆਂ ਨੇ ਮਲੀਆਮੇਟ ਕਰ ਸੁੱਟਿਆ! ਇਹ ਵਿਰੋਧੀ ਦੋ ਤਰ੍ਹਾਂ ਦੇ ਹੋ ਸਕਦੇ ਹਨ। ਪਹਿਲੇ ਉਹ ਵਿਰੋਧੀ ਹੁੰਦੇ ਹਨ ਜੋ ਸਿਧਾਂਤਕ ਮੱਤਭੇਦ ਰੱਖਦੇ ਹੋਣ ਅਤੇ ਦੂਜੇ ਵਿਰੋਧੀ ਇਸੇ ਲਹਿਰ ਦੇ ਵਿਚੋਂ ਨਿਕਲਦੇ ਹਨ। ਦੂਜੀ ਕਿਸਮ ਦੇ ਵਿਰੋਧੀ, ਲਾਲਚ ਜਾਂ ਸਵਾਰਥ-ਸਿੱਧੀ ਲਈ ਲਹਿਰ ਨੂੰ ਅੰਦਰੋਂ ਖੋਰਾ ਲਾਉਂਦੇ ਹਨ। ਕਈ ਵੇਰਾਂ ਇਹ ਦੂਜੀ ਕਿਸਮ ਦੇ ਵਿਰੋਧੀ ਵਧੇਰੇ ਨੁਕਸਾਨ ਪਹੁੰਚਾ ਸਕਦੇ ਹਨ। ਇਹ ਵਿਰੋਧੀ ਸਿਧਾਂਤਹੀਣ ਗਠਜੋੜ ਕਰਕੇ, ਚਾਲਾਂ ਚੱਲ ਕੇ ਨਿੱਜੀ ਹਿੱਤਾਂ ਦੀ ਪੂਰਤੀ ਕਰਦੇ ਰਹਿੰਦੇ ਹਨ। ਗੁਰ-ਇਤਿਹਾਸ ਅਜਿਹੇ ਵਿਰੋਧੀਆਂ ਨੂੰ 'ਮੀਣੇ' (ਮੀਸਣੇ) ਕਹਿ ਕੇ ਯਾਦ ਕਰਦਾ ਹੈ। ਸਿੱਖ ਲਹਿਰ ਨੂੰ ਇਨ੍ਹਾਂ ਦੋਹਾਂ ਤਰ੍ਹਾਂ ਦੇ ਵਿਰੋਧੀਆਂ ਦਾ ਸਾਹਮਣਾ ਕਰਨਾ ਪਿਆ। ਜੇ ਹਿੰਦੂ ਮੱਤ ਦੇ ਪੁਜਾਰੀਆਂ ਅਤੇ ਕੱਟੜ ਮੁਸਲਮਾਨਾਂ ਨੂੰ ਚਿੰਤਾ ਸੀ ਕਿ ਲੋਕ-ਸਮੂਹ ਧੜਾਧੜ ਸਿੱਖ ਬਣਦੇ ਜਾ ਰਹੇ ਹਨ ਤਾਂ ਪ੍ਰਿਥੀ ਚੰਦ ਵਰਗੇ ਈਰਖਾਲੂ ਗੁਰਗੱਦੀ ਨੂੰ ਘਰੇਲੂ ਜਾਇਦਾਦ ਸਮਝਕੇ ਇਸ ਉੱਪਰ ਆਪਣਾ ਹੱਕ ਜਤਾ ਰਹੇ ਸਨ। ਬੀਰਬਲ ਅਤੇ ਚੰਦੂ, ਹਿੰਦੂ ਮੁਸਲਮਾਨ ਸੋਚ ਦੇ ਪ੍ਰਤੀਨਿਧ ਵਜੋਂ ਹਕੂਮਤ ਦੇ ਕੰਨ ਭਰਦੇ ਰਹੇ ਅਤੇ ਪ੍ਰਿਥੀ ਚੰਦ ਵੀ ਹਾਕਮਾਂ ਕੋਲ 'ਹੱਕ' ਲੈਣ ਲਈ ਦਰਖਾਸਤਾਂ ਦਿੰਦਾ ਰਿਹਾ। ਨਕਸ਼ਬੰਦੀ ਮੁਲਮਾਨ ਤਾਂ ਸਮੇਂ ਦੇ ਬਾਦਸ਼ਾਹ ਨੂੰ ਉਂਗਲਾਂ ਉੱਪਰ ਨਚਾਉਣਾ ਚਾਹੁੰਦੇ ਸਨ। ਆਖਰ ਨਕਸ਼ਬੰਦੀਆਂ ਦੇ ਜਹਾਂਗੀਰ ਜਿਹੇ ਪਿਆਕੜ ਅਤੇ ਅੱਯਾਸ਼ ਵਿਅਕਤੀ ਨੂੰ ਬਾਦਸ਼ਾਹ ਬਣਾਉਣ ਵਿਚ ਦਿੱਤੇ ਸਹਿਯੋਗ ਕਾਰਨ ਬਾਦਸ਼ਾਹ ਉਨ੍ਹਾਂ ਦਾ ਅਹਿਸਾਨਮੰਦ ਸੀ। ਸਭ ਤਰ੍ਹਾਂ ਦੇ ਵਿਰੋਧੀ ਇਕੱਠੇ ਨਜ਼ਰ ਆ ਰਹੇ ਸਨ। ਖੁਸਰੋ ਦੀ ਮਦਦ ਕਰਨ ਦਾ ਦੋਸ਼, ਕੰਨਾਂ ਦੇ ਕੱਚੇ ਬਾਦਸ਼ਾਹ ਅਤੇ ਵਿਰੋਧੀਆਂ ਲਈ ਕਾਫੀ ਸੀ। ਇਹ ਗੱਠਜੋੜ ਸਮਝਦਾ ਸੀ ਕਿ ਇਕ ਝਟਕੇ ਨਾਲ ਲਹਿਰ ਨੂੰ ਖਦੇੜ ਦਿੱਤਾ ਜਾਵੇ। ਸੰਨ ੧੬੦੬ ਈ. ਨੂੰ ਲਾਹੌਰ ਵਿਖੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਗਿਆਰਾਂ ਵਰ੍ਹਿਆਂ ਦੀ ਸੀ। ੧੪ ਜੂਨ ੧੫੯੫ ਈ. ਨੂੰ ਗੁਰੂ ਕੀ ਵਡਾਲੀ ਵਿਖੇ ਗੁਰੂ ਅਰਜਨ ਸਾਹਿਬ ਦੇ ਘਰ, ਮਾਤਾ ਗੰਗਾ ਜੀ ਦੇ ਉਦਰ ਤੋਂ 'ਦਲਿਭੰਜਨ ਗੁਰੂ ਸੂਰਮਾ' ਜਨਮਿਆ। ਪ੍ਰਿਥੀ ਚੰਦ ਦੀਆਂ ਮਨ ਦੀਆਂ ਮਨ ਵਿਚ ਰਹਿ ਗਈਆਂ। ਉਸ ਨੂੰ ਆਸ ਸੀ ਕਿ ਉਸ ਨੂੰ ਤਾਂ ਗੁਰਗੱਦੀ ਮਿਲੀ ਨਹੀਂ, ਪਰ ਗੁਰੂ ਅਰਜਨ ਸਾਹਿਬ ਦੀ ਕੋਈ ਸੰਤਾਨ ਨਾ ਹੋਣ ਕਰਕੇ ਉਸ ਦੇ ਪੁੱਤਰ ਮਿਹਰਬਾਨ ਨੂੰ ਗੁਰਗੱਦੀ ਜ਼ਰੂਰ ਮਿਲੇਗੀ। ਇਸ ਲੇਖ ਦਾ ਲੇਖਕ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਗੁਰੂ ਅਰਜਨ ਸਾਹਿਬ ਦੇ ਮਹਿਲ ਨੂੰ ਅਕਸਰ ਸੰਤਾਨ ਨਾ ਹੋਣ ਦਾ 'ਹੇਰਵਾ' ਰਹਿੰਦਾ ਸੀ। ਲੇਖਕ ਦੇ ਵਿਚਾਰ ਅਨੁਸਾਰ ਅਜਿਹੇ ਬਿਰਤਾਂਤ ਗੁਰਮਤਿ ਸਿਧਾਂਤ ਤੋਂ ਅਣਜਾਣ ਇਤਿਹਾਸਕਾਰਾਂ ਨੇ ਹੀ ਦਿੱਤੇ ਹਨ। ਐਸੀ ਮਨੋ-ਸਥਿਤੀ ਅਗਿਆਨੀ ਜੀਵਾਂ ਦੀ ਹੀ ਹੁੰਦੀ ਹੈ। ਗੁਰੂ ਅਰਜਨ ਸਾਹਿਬ ਜਾਂ ਉਨ੍ਹਾਂ ਦੇ ਮਹਿਲ ਪ੍ਰਤੀ ਇਹ ਗੱਲ ਕਹਿਣੀ, ਉਨ੍ਹਾਂ ਦੇ ਨਿਰਾਦਰ ਤੁਲ ਹੈ। ਅਜਿਹੀ ਨਾ-ਸਮਝੀ ਭਰੀ ਗੱਲ ਤੋਂ ਇਹ ਭਾਵ ਨਿਕਲਦਾ ਹੈ ਕਿ ਜਿਵੇਂ ਗੁਰਗੱਦੀ ਜੱਦੀ ਚੀਜ਼ ਹੋਵੇ ਅਤੇ ਪੁੱਤਰ ਨਾ ਹੋਣ ਦੀ ਸੂਰਤ ਵਿਚ, ਇਸ ਦੇ ਘਰੋਂ ਬਾਹਰ ਜਾਣ ਦਾ ਤੌਖਲਾ ਹੋਵੇ! ਗੁਰ-ਇਤਿਹਾਸ ਦੀ ਸੋਝੀ ਰੱਖਣ ਵਾਲੇ ਜਾਣਦੇ ਹਨ ਕਿ ਗੁਰਗੱਦੀ ਜੱਦੀ ਨਹੀਂ ਸੀ। ਗੁਰਗੱਦੀ ਦਾ ਤਖ਼ਤ, ਤਖ਼ਤ ਦੇ ਲਾਇਕ ਨੂੰ ਹੀ ਪ੍ਰਾਪਤ ਹੁੰਦਾ ਰਿਹਾ। ਇਹ ਗੱਲ ਬਾਅਦ ਦੇ ਇਤਿਹਾਸਕ ਮੁਲਾਂਕਣ ਤੋਂ ਸਹੀ ਸਿੱਧ ਹੁੰਦੀ ਹੈ ਕਿ ਗੁਰੂ ਅਰਜਨ ਸਾਹਿਬ ਨੇ ਆਪਣਾ ਉਤਰਾਧਿਕਾਰੀ ਜਿਸ ਨੂੰ ਚੁਣਿਆ, ਉਹ ਸਮੇਂ ਅਤੇ ਪ੍ਰਸਥਿਤੀਆਂ ਦੇ ਅਨੁਕੂਲ ਢੁਕਵਾ ਸੀ, ਉਸ ਨੇ ਸਹੀ ਅਗਵਾਈ ਪ੍ਰਦਾਨ ਕੀਤੀ। ਗੁਰਗੱਦੀ ਸਮੇਂ ਉਮਰ ਅਤੇ ਰਿਸ਼ਤੇ ਦਾ ਕੋਈ ਮਹੱਤਵ ਨਹੀਂ ਰੱਖਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ੭੦ ਵਰ੍ਹਿਆਂ ਦੀ ਉਮਰ ਵਿਚ ਭਾਈ ਲਹਿਣੇ ਨੂੰ ਮੱਥਾ ਟੇਕਿਆ ਸੀ। ਗੁਰੂ ਰਾਮਦਾਸ ਜੀ (ਪਿਤਾ) ਨੇ ਗੁਰੂ ਅਰਜਨ ਸਾਹਿਬ (ਪੁੱਤਰ) ਨੂੰ ਮੱਥਾ ਟੇਕਿਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਮੱਥਾ ਟੇਕਿਆ ਸੀ। ਇਹ ਲਿਖਣਾ ਹੀ ਗਲਤ ਹੈ ਕਿ ਪਿਤਾ ਨੇ ਪੁੱਤਰ ਨੂੰ ਮੱਥਾ ਟੇਕਿਆ। ਗੁਰ-ਇਤਿਹਾਸ ਵਿਚ ਗੁਰੂ ਨਾਨਕ-ਜੋਤ ਦਾ ਮਹੱਤਵ ਹੈ। ਇਹ ਜੋਤ ਜਿਸਨੂੰ ਵੀ ਪ੍ਰਾਪਤ ਹੋਈ, ਉਹ ਪੂਜਯ ਹੋ ਗਿਆ, ਉਹ ਧੰਨ ਹੋ ਗਿਆ। ਉਪਰੋਕਤ ਪ੍ਰਸਥਿਤੀਆਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਦੀ ਕਿਵੇਂ ਅਗਵਾਈ ਕੀਤੀ? ਉਨ੍ਹਾਂ ਨੇ ਸਿੱਖ-ਸੰਗਠਨ ਦੀ ਮਜ਼ਬੂਤੀ ਅਤੇ ਵਾਧੇ ਲਈ ਕੀ ਯੋਗਦਾਨ ਪਾਇਆ? ਉਨ੍ਹਾਂ ਦੁਆਰਾ ਅਪਨਾਈ ਨੀਤੀ ਨੇ ਸਿੱਖ ਸੰਗਠਨ ਦੇ ਭਵਿੱਖ ਲਈ ਕੀ ਪ੍ਰਭਾਵ ਪਾਇਆ ਇਨ੍ਹਾਂ ਪ੍ਰਸ਼ਨਾਂ ਉੱਪਰ ਵਿਚਾਰ ਕਰਨੀ ਸਾਡੇ ਇਸ ਲੇਖ ਦਾ ਮਨੋਰਥ ਹੈ।



ਸੰਨ ੧੬੦੬ ਈ. ਵਿਚ ਗੁਰੂ ਨਾਨਕ ਪਾਤਸ਼ਾਹ ਦੀ ਜੋਤ ਨੇ ਕਾਇਆ ਬਦਲ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਗੁਰੂ ਅਰਜਨ ਸਾਹਿਬ ਦੇ ਆਦੇਸ਼ ਮੁਤਾਬਿਕ, ਸਿੱਖ ਮੱਤ ਦੇ ਫ਼ੌਜੀਕਰਨ ਦਾ ਐਲਾਨ ਕੀਤਾ। ਗੁਰਗੱਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਸਤਾਰ ਅਤੇ ਦੋ ਤਲਵਾਰਾਂ ਪਹਿਨੀਆਂ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਸੰਤ-ਸਿਪਾਹੀ ਬਣਾਉਣ ਲਈ, ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਦੂਰ-ਨੇੜੇ ਦੇ ਸਿੱਖਾਂ ਨੂੰ ਅੰਮ੍ਰਿਤਸਰ ਬੁਲਵਾਇਆ ਅਤੇ ਉਨ੍ਹਾਂ ਨੂੰ ਚੰਗੇ ਹਥਿਆਰ ਅਤੇ ਘੋੜੇ ਨਜ਼ਰਾਨੇ ਵਜੋਂ ਲਿਆਉਣ ਲਈ ਕਿਹਾ। ਬਾਅਦ ਵਿਚ ਚੰਗੇ ਘੋੜਿਆਂ ਦੀ ਖਰੀਦ ਲਈ ਕੁਝ ਸਿੱਖਾਂ ਨੂੰ ਬੁਖ਼ਾਰੇ ਵੀ ਭੇਜਿਆ ਗਿਆ। ਸਿੱਖਾਂ ਲਈ ਸ਼ਸਤਰ-ਵਿੱਦਿਆ ਦਾ ਪ੍ਰਬੰਧ ਕੀਤਾ ਅਤੇ ਛੇਤੀ ਹੀ ਗੁਰੂ ਜੀ ਕੋਲ ਬਹਾਦਰ ਗੱਭਰੂਆਂ ਦੀ ਇਕ ਫ਼ੌਜ ਤਿਆਰ ਹੋ ਗਈ।

ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਕੀਤੇ ਫ਼ੌਜੀਕਰਨ ਨੂੰ ਕਈ ਇਤਿਹਾਸਕਾਰਾਂ ਨੇ ਠੀਕ ਤਰ੍ਹਾਂ ਨਹੀਂ ਸਮਝਿਆ। ਉਨ੍ਹਾਂ ਅਨੁਸਾਰ ਇਸ ਫ਼ੌਜੀਕਰਨ ਦਾ ਕਾਰਨ ਆਪਣੇ ਗੁਰੂ-ਪਿਤਾ ਦੀ ਸ਼ਹੀਦੀ ਦੇ ਬਦਲੇ ਦੀ ਭਾਵਨਾ ਜਾਂ ਜੱਟਾਂ ਦਾ ਭਾਰੀ ਗਿਣਤੀ ਵਿਚ ਸਿੱਖ ਬਣਨਾ ਸੀ। ਜਾਦੂ ਨਾਥ ਸਰਕਾਰ ਵਰਗੇ ਇਤਿਹਾਸਕਾਰ ਤਾਂ ਇਸ ਫ਼ੌਜੀਕਰਨ ਨੂੰ ਸਿੱਖੀ ਦੇ ਪਤਨ ਵੱਲ ਜਾਣਾ ਮੰਨਦੇ ਹਨ। ਇਹ ਲੇਖਕ ਤਾਂ, ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਨੂੰ ਇਸ ਫੌਜੀਕਰਨ ਦੀ ਨੀਤੀ ਦੇ ਵਿਰੁੱਧ ਦੱਸਦਾ ਹੈ।

ਅਸੀਂ ਗੁਰਮਤਿ ਦੇ ਚਾਨਣ ਵਿਚ ਅਤੇ ਇਤਿਹਾਸਕਾਰ ਸੂਝ-ਬੂਝ ਨਾਲ ਉਪਰੋਕਤ ਕਿਸਮ ਦੇ ਵਿਸ਼ਲੇਸ਼ਣ ਦਾ ਪੁਨਰ-ਵਿਸ਼ਲੇਸ਼ਣ ਕਰ ਸਕਦੇ ਹਾਂ:

**(ੳ) ਬਦਲੇ ਦੀ ਭਾਵਨਾ** - ਗੋਕਲ ਚੰਦ ਨਾਰੰਗ ਆਪਣੀ ਪੁਸਤਕ 'ਸਿੱਖ ਮੱਤ ਦਾ ਪਰਿਵਰਤਨ' ਵਿਚ ਇਸ ਫ਼ੌਜੀਕਰਨ ਦਾ ਪਹਿਲਾ ਕਾਰਨ, ਆਪਣੇ ਪਿਤਾ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਬਦਲਾ ਲੈਣ ਦੀ ਭਾਵਨਾ ਨੂੰ ਦੱਸਦਾ ਹੈ। ਇਸ ਤੋਂ ਇਲਾਵਾ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦਾ ਕਰਤਾ ਵੀ ਬਦਲੇ ਦੀ ਭਾਵਨਾ ਦਾ ਹੀ ਜ਼ਿਕਰ ਕਰਦਾ ਹੈ। ਇਨ੍ਹਾਂ ਸਤਰਾਂ ਦੇ ਲੇਖਕ ਦਾ ਮੱਤ ਹੈ ਕਿ ਬਦਲੇ ਦੀ ਭਾਵਨਾ ਦਰਸਾ ਕੇ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨੀਤੀ ਨੂੰ ਘਰੇਲੂ ਕਾਰਨਾਂ ਤੋਂ ਪ੍ਰੇਰਿਤ ਦੱਸਣ ਦਾ ਮਨੋਰਥ ਜਾਣ-ਬੁਝ ਕੇ ਪ੍ਰਾਪਤ ਕੀਤਾ ਗਿਆ ਹੈ। ਇਹ ਗੁਰ-ਇਤਿਹਾਸ ਦੇ ਜਲਾਲ ਨੂੰ ਘਟਾਉਣ ਦੀ ਕੋਝੀ ਚਾਲ ਹੈ। ਗੁਰੂ-ਦ੍ਰਿਸ਼ਟੀ ਵਿਚੋਂ ਤਾਂ ਅੰਮ੍ਰਿਤ ਅਤੇ ਖ਼ਿਮਾ ਦੇ ਚਸ਼ਮੇ ਫੁੱਟਦੇ ਹਨ! ਤਾਂ ਫਿਰ ਵੈਰ ਅਤੇ ਬਦਲਾ ਕਿੱਥੇ? ਸਤਿਗੁਰੂ ਨਿਰਵੈਰ ਹੈ, ਮਿਠਬੋਲੜਾ ਹੈ, ਉਹ ਦੁਸ਼ਟਾਂ ਨੂੰ ਵੀ ਤਾਰਨਹਾਰ ਹੈ। ਇੰਦੂ ਭੂਸ਼ਨ ਬੈਨਰਜੀ ਨੇ ਠੀਕ ਲਿਖਿਆ ਹੈ, "ਅਕਬਰ ਦੇ ਸ਼ਹਿਨਸ਼ੀਲਤਾ ਵਾਲੇ ਦਿਨ ਬੀਤ ਚੁੱਕੇ ਸਨ ਅਤੇ ਨਵੀਂ ਹਕੂਮਤ ਦੇ ਸ਼ੁਰੂ ਵਿਚ ਹੀ ਸਿੱਖਾਂ ਨੂੰ ਜੋ ਤਲਖ ਤਜ਼ਰਬਾ ਹੋਇਆ, ਉਸ ਨੇ ਇਹ ਨਿਸ਼ਚਾ ਕਰਾ ਦਿੱਤਾ ਕਿ ਅੱਗੋਂ ਸਮਾਂ ਔਖਾ ਆਉਣ ਵਾਲਾ ਹੈ। ਭਵਿੱਖ ਵਿਚ ਵਾਪਰਨ ਵਾਲੀਆਂ ਅਚਿੰਤ ਘਟਨਾਵਾਂ ਦੀ ਸਾਵਧਾਨੀ ਵਜੋਂ ਗੁਰੂ ਹਰਿਗੋਬਿੰਦ ਨੇ ਸ਼ਸਤਰਾਂ ਨੂੰ ਧਾਰਿਆ, ਨਾ ਕਿ ਬਦਲਾ ਲੈਣ ਦੀ ਭਾਵਨਾ ਕਰਕੇ।" ਉਹ ਅੱਗੇ ਜਾ ਕੇ ਇਹ ਵੀ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਲੜੀਆਂ ਤਿੰਨੋਂ ਜੰਗਾਂ ਸੁਰੱਖਿਅਤ ਸਰੂਪ ਵਾਲੀਆਂ ਸਨ। ਗੁਰੂ-ਇਤਿਹਾਸ ਦੀ ਕੋਈ ਜੰਗ ਬਦਲੇ ਦੀ ਭਾਵਨਾ ਨਾਲ ਨਹੀਂ ਲੜੀ ਗਈ। ਇਤਿਹਾਸ ਗਵਾਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਤੋਂ ਬਾਅਦ, ਜਹਾਂਗੀਰ ਅਤੇ ਆਪ ਵਿਚਕਾਰ ਮਿੱਤਰਤਾ ਰਹੀ। ਉਹ ਇਕੱਠੇ ਸ਼ਿਕਾਰ ਖੇਡਦੇ ਰਹੇ। ਇਕ ਵੇਰਾਂ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਦਸ਼ਾਹ ਨੂੰ ਸ਼ੇਰ ਦੇ ਹਮਲੇ ਤੋਂ ਬਚਾਇਆ ਵੀ ਸੀ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਸ ਮਿੱਤਰਤਾ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਦੁਆਰਾ ਸੰਗਠਿਤ ਫੌਜਰੱਖਣ ਦਾ ਕੋਈ ਕਾਰਨ ਨਹੀਂ ਸੀ। ਪਰ ਗੁਰੂ ਹਰਿਗੋਬਿੰਦਸਾਹਿਬ ਜੀ ਨੇ ਗੁਰਗੱਦੀ ਦੇ ਸਤਵੇਂ ਉੱਤਰਾਧਿਕਾਰੀ ਨੂੰ ਵੀ ਫ਼ੌਜ ਰੱਖਣ ਦਾ ਆਦੇਸ਼ ਦਿੱਤਾ ਸੀ। ਬਾਕੀ ਰਹੀ ਚੰਦੂ ਸ਼ਾਹ ਤੋਂ ਬਦਲਾ ਲੈਣ ਵਾਲੀ ਗੱਲ, ਤਾਂ ਚੰਦੂ ਤੋਂ ਬਦਲਾ ਲੈਣ ਲਈ ਫ਼ੌਜ ਦੀ ਕੀ ਲੋੜ ਸੀ?

**(ਅ) ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਅਤੇ ਫ਼ੌਜੀਕਰਨ** - ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਸੰਗਠਨ ਦਾ ਜੋ ਫ਼ੌਜੀਕਰਨ ਕੀਤਾ, ਉਹ ਗੁਰੂ ਨਾਨਕ ਪਾਤਸ਼ਾਹ ਦੀਆਂ ਸਿੱਖਿਆਵਾਂ ਤੋਂ ਕਿਸੇ ਤਰ੍ਹਾਂ ਵਿਪਰੀਤ ਨਹੀਂ ਸੀ। ਪ੍ਰਿੰਸੀਪਲ ਸਤਿਬੀਰ ਸਿੰਘ ਦੇ ਕਥਨ ਅਨੁਸਾਰ, "ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਉਸ ਬੂਟੇ ਨੂੰ ਸਿੰਜ ਰਹੇ ਸਨ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਬੀਜਿਆ ਸੀ। 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਅਤੇ 'ਸੀਸੁ ਵਢੇ ਕਰਿ ਬੈਸਣੁ ਦੀਜੈ' ਮੀਰੀ ਦੇ ਚਿੰਨ੍ਹ ਆਰੰਭ ਤੋਂ ਹੀ ਦੱਸੇ ਜਾ ਰਹੇ ਸਨ। ਗੁਰੂ ਹਰਿਗੋਬਿੰਦ ਜੀ ਨੇ ਤਾਂ ਸਿਰਫ਼ ਪ੍ਰਗਟ ਹੀ ਕੀਤੇ। ਸਿੱਖ ਧਰਮ ਵਿਚ 'ਅਹਿੰਸਾ ਪਰਮੋ ਧਰਮ' ਦੇ ਆਦਰਸ਼ ਦਾ ਸਤਿਕਾਰ ਨਹੀਂ। ਜ਼ੁਲਮ ਤੇ ਜ਼ਬਰ ਵਿਰੁੱਧ ਆਵਾਜ਼ ਉਠਾਉਣੀ ਅਤੇ ਸੰਘਰਸ਼ ਕਰਨਾ ਧਰਮ ਹੈ।

**(ੲ) ਜੱਟਾਂ ਦੀ ਬਹੁਤਾਤ** : ਡਾ. ਜੇ.ਐਸ. ਗਰੇਵਾਲ ਅਤੇ ਡਾ. ਡਬਲਿਊ.ਐੱਚ. ਮਕਲਾਉਡ ਦਾ ਮੱਤ ਹੈ ਕਿ ਜੱਟਾਂ ਦੀ ਭਾਰੀ ਗਿਣਤੀ ਵਿਚ ਸਿੱਖ ਮੱਤ ਵਿਚ ਪ੍ਰਵੇਸ਼ ਕਰਨਾ ਹੀ, ਇਸ ਫ਼ੌਜੀਕਰਨ ਦਾ ਕਾਰਨ ਸੀ। ਇਨ੍ਹਾਂ ਵਿਦਵਾਨਾਂ ਦਾ ਮੱਤ ਹੈ ਕਿ ਜੱਟ ਲੜਾਕੇ ਸਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮਜ਼ਬੂਰੀ ਸੀ ਕਿ ਉਹ ਸਿੱਖ ਸੰਗਠਨ ਦਾ ਫ਼ੌਜੀਕਰਨ ਕਰਕੇ, ਇਨ੍ਹਾਂ ਜੱਟਾਂ ਨੂੰ ਸੰਗਠਨ ਨਾਲ ਜੋੜੀ ਰੱਖਦੇ। ਇਸ ਤਰ੍ਹਾਂ ਦੇ ਵਿਚਾਰ ਅਗਿਆਨਤਾ ਕਰਕੇ ਬਣਦੇ ਹਨ ਜਾਂ ਜਾਣ-ਬੁੱਝ ਕੇ ਗੌਰਵਮਈ ਪਰੰਪਰਾ ਨੂੰ ਮਧੋਲਣ ਦੇ ਯਤਨ ਵਜੋਂ ਬਣਾਏ ਜਾਂਦੇ ਹਨ। ਸਿੱਖ ਪਰੰਪਰਾ ਅਨੁਸਾਰ ਇਹ ਫ਼ੌਜੀਕਰਨ ਗੁਰੂ ਅਰਜਨ ਸਾਹਿਬ ਦੇ ਆਦੇਸ਼ ਮੁਤਾਬਿਕ ਹੋਇਆ ਸੀ। ਇਸ ਆਦੇਸ਼ ਦਾ ਔਚਿਤਯ ਹੀ ਉਸ ਸਮੇਂ ਦੀਆਂ ਪ੍ਰਸਥਿਤੀਆਂ, ਜਿਨ੍ਹਾਂ ਦਾ ਜ਼ਿਕਰ ਇਸ ਲੇਖ ਦੇ ਪਹਿਲੇ ਭਾਗ ਵਿਚ ਹੋ ਚੁੱਕਾ ਹੈ। ਤੱਥ ਤਾਂ ਇਹ ਹੈ ਕਿ ਸਿੱਖ ਮੱਤ ਵਿਚ ਖ਼ੱਤਰੀਆਂ-ਬਾਣੀਆਂ ਦੀ ਗਿਣਤੀ, ਜੱਟਾਂ ਤੋਂ ਘੱਟ ਪ੍ਰਭਾਵਸ਼ਾਲੀ ਨਹੀਂ ਸੀ। ਇਹ ਖੱਤਰੀ ਹੀ ਸਿੱਖ-ਸੰਗਠਨ ਵਿਚ ਭਾਰੂ ਸਨ। ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਖੱਤਰੀਆਂ-ਬਾਣੀਆਂ ਦੀ ਪਰਵਾਹ ਕਿਉਂ ਨਾ ਕੀਤੀ? ਉਸ ਸਮੇਂ ਦੇ ਖੱਤਰੀ-ਬਾਣੀਏ ਇਸ ਅਵਸਥਾ ਵਿਚ ਨਹੀਂ ਸਨ ਕਿ ਉਨ੍ਹਾਂ ਨੂੰ ਮੈਦਾਨੇ-ਜੰਗ ਵੱਲ ਧਕੇਲਿਆ ਜਾਂਦਾ! ਜੱਟਾਂ ਦੀ ਵੀ ਹਾਲਤ ਇਨ੍ਹਾਂ ਖੱਤਰੀਆਂ ਤੋਂ ਬਿਹਤਰ ਨਹੀਂ ਸੀ। ਪੰਜਾਬ ਵਿਚ ਕਈ ਤਰ੍ਹਾਂ ਦੀਆਂ ਆਰਥਕ ਮੰਦਹਾਲੀ ਅਤੇ ਜ਼ੁਲਮਾਂ ਦੀਆਂ ਹਾਲਤਾਂ ਵਿਚ, ਕਈ ਸਦੀਆਂ ਤੋਂ ਕਿਸਾਨਾਂ ਦੇ ਵਿਦਰੋਹ ਨਹੀਂ ਉਠੇ ਸਨ। ਉਹ ਜ਼ੁਲਮ ਸਹਿਣ ਦੇ ਆਦੀ ਹੋ ਚੁੱਕੇ ਸਨ।

ਇਨ੍ਹਾਂ ਦੱਬੇ-ਕੁਚਲੇ ਅਤੇ ਨਿਰਬਲ ਲੋਕਾਂ ਦੇ ਹੱਥਾਂ ਵਿਚ ਹਥਿਆਰ ਆ ਜਾਣੇ, ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਪ੍ਰਾਪਤ ਅਕਾਲੀ ਮਿਸ਼ਨ ਕਰਕੇ ਹੀ ਸੰਭਵ ਹੋ ਸਕਿਆ। ਇਸ ਗੱਲ ਦੀ ਪੁਸ਼ਟੀ ਇਸ ਕਥਨ ਤੋਂ ਵੀ ਹੁੰਦੀ ਹੈ





ਕਿ ਜਿਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਪਹਿਨੀਆਂ ਅਤੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ ਗਿਆ, ਉਸ ਦਿਨ ਆਮ ਸਿੱਖ ਭੰਬਲਭੂਸੇ ਵਿਚ ਪੈ ਗਏ ਸਨ। ਬਹੁਤ ਸਾਰੀ ਸੰਗਤ ਗੁਰੂ ਸਾਹਿਬ ਨੂੰ ਰਾਹੋਂ 'ਲਾਂਭੇ' ਪਿਆ ਸਮਝਣ ਲੱਗੀ ਸੀ। ਕੁਝ ਮੋਹਿਤਬਰਾਂ ਨੇ ਮਾਤਾ ਜੀ ਪਾਸ 'ਸ਼ਿਕਾਇਤ' ਵੀ ਕੀਤੀ ਸੀ। ਇਸ ਸਮੇਂ ਵੱਡਾ ਸੰਕਟ ਖੜ੍ਹਾ ਹੋ ਗਿਆ ਸੀ। ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਵਰਗੇ ਮਹਾਂਪੁਰਸ਼ਾਂ ਨੇ ਇਸ ਸਮੇਂ ਵੱਡੀ ਮਿਹਨਤ ਉਪਰੰਤ, ਸੰਗਤਾਂ ਨੂੰ ਗੁਰੂ-ਦਰ ਨਾਲ ਜੋੜੀ ਰੱਖਿਆ। ਭਾਈ ਗੁਰਦਾਸ ਜੀ ਨੇ ਇਸ ਪ੍ਰਥਾਏ ਕਈ ਪਉੜੀਆਂ ਰਚੀਆਂ ਅਤੇ ਉਨ੍ਹਾਂ ਸੰਗਤਾਂ ਨੂੰ ਸਮਝਾਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਉਸੇ ਮਾਲਾ ਦੇ ਮੋਤੀ ਹਨ, ਜਿਸ ਦੇ ਪਹਿਲੇ ਪੰਜ ਗੁਰੂ-ਸਾਹਿਬਾਨ ਸਨ। ਸੰਗਤਾਂ ਨੇ ਜਲਦੀ ਹੀ ਗੁਰੂ-ਕਾਜ ਲਈ ਮਰ-ਮਿਟਣ ਨੂੰ ਧੰਨ ਸਮਝ ਲਿਆ। ਗੱਭਰੂਆਂ ਨੇ ਆਪਣੀਆਂ ਜਵਾਨੀਆਂ ਨੂੰ ਗੁਰੂ ਅੱਗੇ ਸਮਰਪਣ ਕਰਕੇ, ਧੰਨ ਕਰ ਲਿਆ ਸੀ।

ਇਸ ਫ਼ੌਜੀਕਰਨ ਦਾ ਅਗਲਾ ਪੜਾਅ ਸੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਐਲਾਨ! ਹਰਿਮੰਦਰ ਸਾਹਿਬ ਦੇ ਸਾਹਮਣੇ ਸੰਨ ੧੬੦੬ ਈ. ਨੂੰ ਅਕਾਲ ਤਖਤ ਦੀ ਨੀਂਹ ਰੱਖੀ ਗਈ। ਇਸ ਇਮਾਰਤ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਹੱਥੀਂ ਬਣਾਇਆ। ਸੰਨ ੧੬੦੬ ਈ. ਨੂੰ ਦੁਨੀਆਂ ਵਿਚ ਪਹਿਲੀ ਵੇਰਾਂ ਅਕਾਲ ਤਖ਼ਤ ਦਾ ਸੰਕਲਪ ਸਾਕਾਰ ਹੋਇਆ। ਝੂਠੇ ਬਾਦਸ਼ਾਹਾਂ ਦੇ ਕੂੜੇ ਤਖ਼ਤਾਂ ਦੀ ਥਾਂ ਸੱਚੇ ਪਾਤਸ਼ਾਹ ਦਾ ਅਕਾਲੀ ਤਖ਼ਤ ਸੀ। ਇਸ ਅਸਥਾਨ 'ਤੇ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਸਥਾਪਤ ਕੀਤੇ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਜਿਹੇ ਤਖ਼ਤ ਦੀ ਰਚਨਾ ਕਰਕੇ, ਸੰਗਤਾਂ ਦੇ ਮਨਾਂ ਵਿਚੋਂ ਹਕੂਮਤ ਦੇ ਦਬਦਬੇ ਨੂੰ ਖਤਮ ਕਰ ਦਿੱਤਾ ਸੀ। ਗੁਰੂ ਉਨ੍ਹਾਂ ਨੂੰ 'ਸੱਚਾ ਪਾਤਸ਼ਾਹ' ਸੀ ਅਤੇ ਉਹੀ 'ਤਖ਼ਤ ਦਾ ਮਾਲਕ' ਸੀ। ਗੁਰੂ ਸਾਹਿਬ ਦੇ ਦਰਬਾਰ ਦੀ ਸ਼ਾਨੋ-ਸ਼ੌਕਤ, ਸ਼ਾਹੀ ਦਰਬਾਰ ਦਾ ਮੂੰਹ ਚਿੜਾਉਂਦੀ ਸੀ। ਇਸ ਦਰਬਾਰ ਵਿਚ ਲੋਕਾਂ ਦੇ ਝਗੜੇ ਹੱਲ ਕੀਤੇ ਜਾਂਦੇ ਸਨ। ਇਹ ਵਿਰੋਧੀ ਤਾਕਤਾਂ ਫਿਰ ਚਿੰਤਤ ਹੋ ਗਈਆਂ। ਉਨ੍ਹਾਂ ਨੇ ਬਾਦਸ਼ਾਹ ਜਹਾਂਗੀਰ ਦੇ ਦੁਬਾਰਾ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਸਾਹਿਬ ਫ਼ੌਜ ਇਕੱਠੀ ਕਰਕੇ, ਆਪਣੇ ਗੁਰੂ-ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਲਈ, ਹਕੂਮਤ ਨਾਲ ਟਕਰਾਉਣਾ ਚਾਹੁੰਦੇ ਹਨ। ਮਿਲੀਆਂ ਰਿਪੋਰਟਾਂ ਦੇ ਆਧਾਰ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ੧੬੦੬ ਈ. ਨੂੰ ਗ੍ਰਿਫਤਾਰ ਕਰਕੇ, ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਆਪ ਜੀ ਨੂੰ ੧੨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਪਰ ੧੬੧੧ ਈ. ਨੂੰ ਬਾਦਸ਼ਾਹ ਨੇ ਆਪ ਜੀ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਦਰਮਿਆਨ ਸਿੱਖ ਸੰਗਠਨ ਦੀ ਮਜ਼ਬੂਤੀ ਅਤੇ ਵਾਧੇ ਲਈ ਦੇਸ਼ ਭਰ ਵਿਚ ਦੌਰਾ ਕੀਤਾ। ਉਨ੍ਹਾਂ ਨੇ ਗੁਰਮਤਿ ਵਿਚਲੇ ਮੀਰੀ-ਪੀਰੀ ਦੇ ਸੁਮੇਲ ਦੇ ਸਿਧਾਂਤ ਦੀ ਮਹੱਤਤਾ, ਉਸ ਸਮੇਂ ਦੇ ਧਾਰਮਕ ਆਗੂਆਂ ਨੂੰ ਦੱਸੀ। ਗੁਰੂ ਜੀ ਨੇ ਧਰਮ ਦੇ ਸਮਾਜਕ ਮਹੱਤਵ ਨੂੰ ਸਮਝ ਲਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਣਿਆਂ ਅਤੇ ਉਦਾਸੀਆਂ ਨੂੰ, ਸਿੱਖ-ਸੰਗਠਨ ਵਿਚ ਲਿਆਉਣ ਦੇ ਯਤਨ ਕੀਤੇ।

**ਸਾਰ :** ਇਸਲਾਮ ਤੋਂ ਬਾਅਦ ਇਹ ਸਿੱਖ ਮੱਤ ਹੀ ਸੀ, ਜਿਸ ਦਾ ਫ਼ੌਜੀਕਰਨ ਹੋਇਆ। ਇਹੀ ਕਾਰਨ ਹੈ ਕਿ ਬਹੁਤੇ ਮੁਸਲਿਮ ਵਿਦਵਾਨਾਂ ਨੇ ਤਾਂ ਇਸ ਫ਼ੌਜੀਕਰਨ ਦੀ ਘਟਨਾ ਨੂੰ ਸਮਝ ਲਿਆ ਹੈ, ਜਦੋਂ ਕਿ ਹਿੰਦੂ ਅਤੇ ਈਸਾਈ ਪਿੱਠਭੂਮੀ ਵਾਲੇ ਵਿਦਵਾਨ, ਇਸ ਘਟਨਾ ਨੂੰ ਸਮਝਣ ਤੋਂ ਅਸਮਰਥ ਰਹੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਨੀਤੀਆਂ ਦੇ ਦੂਰ-ਅੰਦਾਜ਼ ਪ੍ਰਭਾਵ ਪਏ। ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਤ-ਸਿਪਾਹੀਆਂ ਦੇ ਇਸ ਮੱਤ ਨੂੰ ਸਦੀਵਤਾ ਪ੍ਰਦਾਨ ਕੀਤੀ। ਉਨ੍ਹਾਂ ਨੇ ਦਸਮ-ਪਿਤਾ ਲਈ ਪਲੇਟਫਾਰਮ ਮੁਹੱਈਆ ਕੀਤਾ।

ਆਧੁਨਿਕ ਸਮੇਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਪ੍ਰਚਾਰੇ ਮੀਰੀ-ਪੀਰੀ ਦੇ ਸਿਧਾਂਤ ਦਾ ਭਾਰੀ ਮਹੱਤਵ ਹੈ। ਧਰਮ ਨੇ ਜ਼ਿੰਦਾ ਰਹਿਣਾ ਹੈ ਤਾਂ ਜ਼ਰੂਰੀ ਹੈ ਕਿ ਧਰਮ, ਮਨੁੱਖੀ ਸਮੱਸਿਆਵਾਂ ਨੂੰ ਹੱਲ ਕਰੇ ਜਾਂ ਹੱਲ ਕਰਾਉਣ ਵਿਚ ਆਪਣਾ ਹਿੱਸਾ ਪਾਵੇ। ਮਾਲਾ ਫੇਰਨ ਤੱਕ ਰਹਿਣ ਵਾਲਾ ਧਰਮ ਆਪਣਾ ਭਵਿੱਖ ਗੰਵਾ ਲਵੇਗਾ।

ਧਰਮ ਮਨੁੱਖ ਦੀ ਅਧਿਆਤਮਕ ਉਨਤੀ ਦੇ ਨਾਲ-ਨਾਲ ਵਿਗਿਆਨ, ਟਕਨਾਲੋਜੀ, ਉਤਪਾਦਨ ਅਤੇ ਉਸ ਦੀ ਪਦਾਰਥਕ ਖੁਸ਼ਹਾਲੀ ਵਿਚ ਵਾਧਾ ਕਰੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧਰਮ ਨੂੰ ਜ਼ਿੰਦਾ ਰੂਹਾਂ ਦਾ ਧਰਮ ਬਣਾ ਕੇ, ਸਿੱਖ-ਸੰਗਠਨ ਵਿਚ ਨਵਾਂ ਉਤਸ਼ਾਹ, ਨਵੀਆਂ ਆਸਾਂ ਅਤੇ ਮਰਨ ਦਾ ਚਾਓ ਭਰ ਦਿੱਤਾ। ਸਿੱਖ ਜੀਵਨ-ਜਾਂਚ ਵਿਚ ਮੀਰੀ-ਪੀਰੀ, ਭਗਤੀ-ਸ਼ਕਤੀ, ਦੇਗ-ਤੇਗ, ਸੰਤ-ਸਿਪਾਹੀ, ਲੋਕ-ਪਰਲੋਕ ਅਤੇ ਧਰਮ-ਰਾਜਨੀਤੀ ਵਿਚ ਸੁਮੇਲ ਅਤੇ ਸੰਤੁਲਨ ਕਰ ਦਿੱਤਾ। ਇਸ ਅਦੁੱਤੀ ਸੁਮੇਲ ਤੇ ਸੰਤੁਲਨ ਵਾਲੇ ਸਿਧਾਂਤ ਕਰਕੇ, ਸਿੱਖ ਮੱਤ ਨੇ ਸੰਸਾਰ ਦੇ ਇਤਿਹਾਸ ਵਿਚ ਆਪਣੀ ਨਿਵੇਕਲੀ ਦਿੱਖ ਅਤੇ ਪਹਿਚਾਣ ਬਣਾ ਲਈ ਹੈ।


ਗੁਰੂ ਹਰਿਗੋਬਿੰਦ ਸਾਹਿਬ ਨੇ ਔਖੀਆਂ ਪ੍ਰਸਥਿਤੀਆਂ ਵਿਚ ਗੁਰਗੱਦੀ ਦੀ ਵਾਂਗਡੋਰ ਸੰਭਾਲੀ ਸੀ। ਜੇਕਰ ਉਨ੍ਹਾਂ ਨੇ ਇਸ ਲੇਖ ਵਿਚ ਅੰਕਿਤ ਨੀਤੀਆਂ ਨਾ ਅਪਣਾਈਆਂ ਹੁੰਦੀਆਂ ਤਾਂ ਸਿੱਖ ਮੱਤ ਵੀ ਕਬੀਰ-ਪੰਥੀਆਂ ਵਾਂਗ ਕਦੇ ਭੁੱਲਿਆਂ-ਵਿੱਸਰਿਆਂ ਵਾਂਗ ਯਾਦ ਆਉਣ ਵਾਲਾ ਮੱਤ ਹੋ ਕੇ ਰਹਿ ਜਾਂਦਾ!

ਧੰਨ-ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲੇ



ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲੇ

ਧੰਨ-ਧੰਨ ਸੰਤ
ਬਾਬਾ ਹੀਰਾ ਸਿੰਘ ਜੀ ਦੀ
ਸਲਾਨਾ ਬਰਸ਼ੀ
ਮੌਕੇ ਮਹਾਪੁਰਖਾ ਦੇ ਚਰਨਾ ਵਿੱਚ ਸ਼ਰਧਾ
ਦੇ ਫੁੱਲ ਅਰਪਣ ਕਰਦੇ ਹਾਂ।



ਸੰਤ ਬਾਬਾ ਹੀਰਾ ਸਿੰਘ ਜੀ ਖੁਖਰਾਣੇ ਵਾਲੇ

ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ (ਜਿਲ੍ਹਾ ਮੋਗਾ)
(ਤਪ ਅਸਥਾਨ ਤੇ ਅੰਗੀਠਾ ਸਾਹਿਬ ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ)

ਮੁੱਖ ਸੇਵਾਦਾਰ :
ਬਾਬਾ ਜਸਵੀਰ ਸਿੰਘ ਜੀ ਲੋਹਾਰਾ
Mob. 95017-70065






# ਬਾਗ਼ਾਂ ਵਿੱਚ ਬੋਲਣ ਮੋਰ ਵੇ

ਪਰਮਜੀਤ ਕੌਰ ਸਰਹਿੰਦ



ਕਿਸੇ ਵੀ ਖਿੱਤੇ ਦੇ ਲੋਕ-ਸਾਹਿਤ ਵਿੱਚੋਂ ਉਸ ਸਮੇਂ ਦੇ ਜੀਵਨ ਬਾਰੇ ਬਹੁਪੱਖੀ ਪਸਾਰਾਂ ਦਾ ਵਰਣਨ ਮਿਲਦਾ ਹੈ। ਜ਼ਿੰਦਗੀ ਵਿੱਚ ਹੰਢਾਏ ਦੁੱਖ, ਸੁੱਖ, ਡਰ-ਸਹਿਮ ਅਤੇ ਉਸ ਵਿੱਚੋਂ ਉਤਪੰਨ ਹੋਈ ਬਗ਼ਾਵਤ ਵੀ ਇਨ੍ਹਾਂ ਲੋਕ ਗੀਤਾਂ ਵਿੱਚ ਰੂਪਮਾਨ ਹੁੰਦੀ ਹੈ। ਲੋਕ-ਕਾਵਿ ਦੀ ਸੱਚੇ-ਸੁੱਚੇ ਮਨੋਂ ਸੁਤੇ-ਸਿੱਧ ਕੀਤੀ ਗਈ ਸਿਰਜਣਾ ਪੜ੍ਹਨ-ਸੁਣਨ ਵਾਲ਼ੇ ਦੇ ਧੁਰ ਅੰਦਰ ਲਹਿ ਜਾਣ ਦੀ ਸਮਰੱਥਾ ਰੱਖਦੀ ਹੈ।

ਲੋਕ-ਕਾਵਿ ਜ਼ਿਆਦਾਤਰ ਔਰਤ ਵੱਲੋਂ ਹੀ ਸਿਰਜਿਆ ਹੋਇਆ ਮੰਨਿਆ ਜਾਂਦਾ ਹੈ। ਔਰਤ ਕਿਉਂਕਿ ਮਰਦ ਨਾਲੋਂ ਜ਼ਿਆਦਾ ਸੰਵੇਦਨਸ਼ੀਲ ਹੁੰਦੀ ਹੈ, ਇਸ ਲਈ ਉਹ ਸੁਹਜ ਤੇ ਸੁੰਦਰਤਾ ਨਾਲ਼ ਜੁੜੀ ਰੂਹ, ਪੰਛੀਆਂ ਨਾਲ਼ ਵੀ ਸੰਵਾਦ ਰਚਾ ਲੈਂਦੀ ਹੈ। ਪੰਜਾਬੀ ਲੋਕ ਕਾਵਿ ਵੀ ਅਜਿਹੇ ਸੰਵਾਦਾਂ ਨਾਲ ਭਰਪੂਰ ਹੈ। ਪੰਛੀਆਂ ਵਿੱਚ ਘੁੱਗੀ, ਕਬੂਤਰ, ਕਾਂ, ਚਿੜੀਆਂ, ਤੋਤਾ-ਮੈਨਾ, ਤਿੱਤਰ-ਬਟੇਰ ਤੇ ਕੂੰਜਾਂ ਆਦਿ ਤੋਂ ਬਿਨਾਂ ਮੋਰ-ਮੋਰਨੀ ਦੀ ਗੱਲ ਵੀ ਕੀਤੀ ਜਾਂਦੀ ਹੈ। ਮਾਦਾ ਆਮ ਤੌਰ 'ਤੇ ਨਰ ਨਾਲ਼ੋਂ ਵੱਧ ਸੁੰਦਰ ਹੁੰਦੀ ਹੈ ਪਰ ਮੋਰ-ਮੋਰਨੀ ਦੇ ਸਬੰਧ ਵਿੱਚ ਮੋਰ, ਮੋਰਨੀ ਨਾਲ਼ੋਂ ਵੱਧ ਖ਼ੂਬਸੂਰਤੀ ਦਾ ਮਾਲਕ ਹੈ।

ਮੋਰਨੀ ਦੇ ਖੰਭ ਮੋਰ ਨਾਲ਼ੋਂ ਛੋਟੇ ਹੁੰਦੇ ਹਨ। ਕੁਦਰਤ ਦੀ ਕਲਾ ਦਾ ਨਮੂਨਾ ਪੇਸ਼ ਕਰਦੇ ਹੋਏ ਮੋਰ ਦੇ ਲੰਮੇ, ਰੰਗਦਾਰ ਤੇ ਚਮਕੀਲੇ ਖੰਭ ਇਸ ਦੇ ਸੁਹੱਪਣ ਵਿੱਚ ਵਾਧਾ ਕਰਦੇ ਹਨ। ਮੋਰ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੇ ਖੰਭ ਧਾਰਮਿਕ ਸਥਾਨਾਂ 'ਤੇ ਵੀ ਰੱਖੇ ਜਾਂਦੇ ਹਨ। ਪੁਰਾਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੋਰ ਦੇ ਖੰਭਾਂ ਦਾ ਬਣਿਆ ਚੌਰ ਝੁਲਾਇਆ ਜਾਂਦਾ ਸੀ। ਬਹੁਤ ਸਾਰੀਆਂ ਖ਼ੂਬੀਆਂ ਹੋਣ ਕਾਰਨ ਮੋਰ ਸਾਡਾ ਕੌਮੀ ਪੰਛੀ ਹੋਣ ਦੇ ਨਾਲ਼-ਨਾਲ਼ ਪੰਜਾਬੀ ਗੀਤਾਂ-ਲੋਕ ਗੀਤਾਂ ਵਿੱਚ ਵੀ ਪੂਰੀ ਸਰਦਾਰੀ ਕਰਦਾ ਹੈ। ਗਿੱਧੇ ਵਿੱਚ ਮੁਟਿਆਰਾਂ ਬੋਲੀ ਪਾਉਂਦੀਆਂ ਹਨ:

**ਲਿਆ ਦਿਓਰਾ ਤੇਰਾ ਕੁੜਤਾ ਧੋ ਦਿਆਂ**
**ਪਾ ਕੇ ਕਲਮੀ ਸ਼ੋਰਾ,**
**ਵਿੱਚ ਭਰਜਾਈਆਂ ਦੇ ਬੋਲ ਕਲਹਿਰੀਆ ਮੋਰਾ...**

ਮੋਰ ਨੂੰ ਮਿੱਤਰ ਪੰਛੀ ਵੀ ਕਿਹਾ ਜਾਂਦਾ ਹੈ। ਇਹ ਖੇਤਾਂ ਵਿੱਚੋਂ ਕੀੜੇ-ਮਕੌੜੇ ਇੱਥੋਂ ਤਕ ਕਿ ਸੱਪ ਨੂੰ ਵੀ ਖਾ ਜਾਂਦਾ ਹੈ। ਭਾਵੇਂ ਇਹ ਗੱਲ ਮਨ ਨਹੀਂ ਲੱਗਦੀ ਪਰ ਇਹ ਪ੍ਰਤੱਖ ਵੇਖਿਆ ਗਿਆ ਹੈ ਤੇ ਲੋਕ-ਸਾਹਿਤ ਵਿਚਲੀਆਂ ਦੋ ਕਾਵਿ ਸਤਰਾਂ ਇਸ ਦੀ ਪੁਸ਼ਟੀ ਕਰਦੀਆਂ ਹਨ ਕਿ ਮੋਰ ਤੋਂ ਡਰਦਾ ਸੱਪ ਖੁੱਡ ਵਿੱਚ ਜਾ ਲੁਕਦਾ ਹੈ:

**ਮੋਰ ਪਾਵੇ ਪੈਲ ਸੱਪ ਜਾਵੇ ਖੱਡ ਨੂੰ,**
**ਬਗਲਾ ਭਗਤ ਚੁੱਕ ਲਿਆਏ ਡੱਡ ਨੂੰ।**

ਮੋਰ ਦੀ ਮਨਮੋਹਕ ਤੋਰ ਦੇ ਚਰਚੇ ਲੋਕ-ਕਾਵਿ ਵਿੱਚ ਆਮ ਮਿਲਦੇ ਹਨ, ਜਿਵੇਂ:

**ਮਿਰਗਾਂ ਵਰਗੇ ਨੈਣ ਤੇਰੇ ਤੇ ਮੋਰਾਂ ਵਰਗੀ ਤੋਰ,**
**ਤੇਰੇ ਹੱਥ ਮੇਰੇ ਦਿਲ ਦੀ ਡੋਰ।**

ਕਦੇ ਮੋਰ ਨੂੰ ਕਿਹਾ ਜਾਂਦਾ ਹੈ:

**ਤੋਰ ਪੰਜਾਬਣ ਦੀ ਸਿੱਖ ਲੈ ਕਲਹਿਰੀਆ ਮੋਰਾ**

ਸਦਕੇ ਜਾਈਏ ਲੋਕ ਗੀਤ ਸਿਰਜਣ ਵਾਲੀਆਂ ਦੇ ਜਿਹੜੀਆਂ ਆਪਣੇ ਅੰਦਰ ਦੀ ਪੀੜ ਨੂੰ ਸਾਦੇ ਤੇ ਸੋਹਣੇ ਸ਼ਬਦਾਂ ਵਿੱਚ ਢਾਲਦੀਆਂ ਹਨ। ਮੁਟਿਆਰ ਆਪਣੇ ਮਾਹੀ ਨੂੰ ਮੋਰ ਨਾਲ਼ ਸੰਬੋਧਨ ਕਰਕੇ ਦਿਲ ਦੀ ਹੂਕ ਬੋਲੀ ਰਾਹੀਂ ਸੁਣਾਉਂਦੀ ਹੈ:

**ਜੇ ਤੂੰ ਸਿਪਾਹੀਆ ਗਿਆ ਲਾਮ ਨੂੰ ਲਾ ਕੇ ਹੱਡਾਂ ਨੂੰ ਝੋਰਾ,**
**ਬਿਰਹੋਂ ਹੱਡਾਂ ਨੂੰ ਇਉਂ ਖਾ ਜਾਊ ਜਿਉਂ ਛੋਲਿਆਂ ਨੂੰ ਢੋਰਾ,**
**ਜੰਗ ਨੂੰ ਨਾ ਜਾਵੀਂ ਵੇ ਬਾਗ਼ਾਂ ਦਿਆ ਮੋਰਾ...**

ਸਾਉਣ ਦੇ ਮਹੀਨੇ ਵਾਲੀ ਬੋਲੀ ਵਿੱਚ ਮੋਰ ਦਾ ਜ਼ਿਕਰ ਨਾ ਹੋਵੇ ਤਾਂ ਬੋਲੀ ਸੋਂਹਦੀ ਹੀ ਨਹੀਂ। ਹੇਠ ਲਿਖੀ ਬੋਲੀ ਨਾਲ਼ ਗਿੱਧੇ ਵਿੱਚ ਨੱਢੀਆਂ ਧਮਾਲਾਂ ਪਾਉਂਦੀਆਂ ਹਨ:

**ਸਾਉਣ ਦਾ ਮਹੀਨਾ ਬਾਗ਼ਾਂ ਵਿੱਚ ਬੋਲਣ ਮੋਰ ਵੇ,**
**ਮੈਂ ਨਹੀਂ ਸਹੁਰੇ ਜਾਣਾ ਗੱਡੀ ਨੂੰ ਖਾਲੀ ਮੋੜ ਵੇ**

ਮੋਰ ਜਿੱਥੇ ਆਪਣੇ ਅਦਭੁਤ ਰੂਪ ਨਾਲ਼ ਲੋਕਾਂ ਦੇ ਮਨ ਮੋਹ ਲੈਣ ਦੇ ਸਮਰੱਥ ਹੈ ਉੱਥੇ ਉਸ ਦੇ ਕੁਦਰਤੀ ਝੜੇ ਹੋਏ ਖੰਭ ਦੇਸੀ ਦੁਆਈਆਂ ਬਣਾਉਣ ਤੋਂ ਬਿਨਾਂ ਘਰੇਲੂ ਲੋੜਾਂ ਅਤੇ ਸਜਾਵਟੀ ਵਸਤਾਂ ਬਣਾਉਣ ਦੇ ਕੰਮ ਵੀ ਆਉਂਦੇ ਹਨ। ਰਾਜਸਥਾਨ ਵਿੱਚ ਮੋਰ ਬਹੁਤ ਹਨ ਅਤੇ ਮੋਰਾਂ ਦੇ ਖੰਭਾਂ ਤੋਂ ਬਣਾਈਆਂ ਰਾਜਸਥਾਨੀ ਪੱਖੀਆਂ ਬਹੁਤ ਪਸੰਦ ਕੀਤੀਆਂ ਜਾਂਦੀਆਂ ਹਨ। ਸਾਡੇ ਪਿੰਡਾਂ ਵਿੱਚ ਔਰਤਾਂ ਮੋਰ ਦੇ ਖੰਭਾਂ ਦੀਆਂ ਕੱਤਣੀਆਂ ਬਣਾਉਂਦੀਆਂ ਸਨ। ਅੱਜ ਨਾ ਚਰਖੇ ਰਹੇ ਹਨ ਤੇ ਨਾ ਕੋਈ ਕੱਤਣੀ ਬਣਾਉਂਦੀ ਹੈ। ਚਰਖੇ ਵਾਂਗੂੰ ਕੱਤਣੀ ਵੀ ਲੋਕ-ਕਾਵਿ ਜਾਂ ਕਿਸੇ ਅਜਾਇਬ ਘਰ ਵਿੱਚ ਹੀ ਦਿਸਦੀ ਹੈ। ਕੱਤਣੀ ਨਾਲ਼ ਜੁੜੀਆਂ ਇੱਕ ਤੁਕੀਆਂ ਬੋਲੀਆਂ ਵਿੱਚ ਮੁਟਿਆਰ ਮੋਰ ਨੂੰ ਕਹਿੰਦੀ ਹੈ:

**ਕੱਤਣੀ ਦੀ ਤੀਲ੍ਹ ਟੁੱਟ ਗਈ,**
**ਖੰਭ ਸੁੱਟ ਜਾ ਕਲਹਿਰੀਆ ਮੋਰਾ**

ਕੋਈ ਦੂਜੀ ਨਰਮ ਦਿਲ ਮੁਟਿਆਰ ਉਸ ਨੂੰ ਟੋਕਦੀ ਹੈ:

**ਅੱਗ ਲੱਗੇ ਕੱਤਣੀ ਨੂੰ,**
**ਜਿਉਂਦੇ ਮੋਰ ਦਾ ਪਾਪ ਨਹੀਂ ਲੈਣਾ**

ਕਿਸੇ ਗੱਭਰੂ ਨੂੰ ਉਸ ਦੀ ਮਨਚਲੀ ਨਾਰ ਸਲਾਹ ਦਿੰਦੀ ਹੈ:

**ਕੱਤਣੀ ਬਣਾਉਣੀ ਐ, ਤੂੰ ਲੱਗ ਮੋਰਾਂ ਦਾ ਪਾਲ਼ੀ**

ਅੱਗੋਂ ਉਹ ਵੀ ਗੁੱਝੀ ਰਮਜ਼ ਵਿੱਚ ਉੱਤਰ ਦਿੰਦਾ ਹੈ:

**ਕਰ ਮੋਰਾਂ ਦੀ ਸੇਵਾ, ਜੇ ਕੱਤਣੀ ਬਣਾਉਣੀ ਹੈ**

ਕਿਧਰੇ ਕੋਈ ਚੋਬਰ ਚਰਖਾ ਕੱਤਣ ਵਾਲੀ ਨੂੰ ਵਡਿਆਉਂਦਾ ਹੈ:

**ਚੀਕੇ ਚਰਖਾ ਬਿਸ਼ਨੀਏ ਤੇਰਾ,**
**ਲੋਕਾਂ ਭਾਣੇ ਮੋਰ ਕੂਕਦਾ**

ਪੰਜਾਬੀ ਲੋਕ-ਕਾਵਿ ਆਪਣੀਆਂ ਪਰਤਾਂ ਵਿੱਚ ਬਹੁਤ ਡੂੰਘੇ ਅਰਥ ਸਮੋਈ ਬੈਠਾ ਹੈ। ਕਿਸੇ ਸਮੇਂ ਨੈਣ ਜਿਸ ਨੂੰ ਰਾਣੀ ਵੀ ਕਹਿੰਦੇ ਹਨ, ਸਾਡੇ ਪੇਂਡੂ ਸਮਾਜ ਵਿੱਚ ਵਿਸ਼ੇਸ਼ ਥਾਂ ਰੱਖਦੀ ਸੀ। ਜਦੋਂ ਕੋਈ ਨਖ਼ਰੇਲੋ ਮੁਟਿਆਰ ਉਸ ਨੂੰ ਕਹਿੰਦੀ ਹੈ:

**ਸਿਰ ਗੁੰਦ ਦੇ ਕੁਪੱਤੀਏ ਨੈਣੇ,**
**ਉੱਤੇ ਪਾ ਦੇ ਡਾਕ ਬੰਗਲਾ**

ਸਿਰ ਗੁੰਦਣਾ ਜਾਂ ਸੱਗੀ ਪਾਉਣੀ ਕਿਸੇ ਹਾਰੀ ਸਾਰੀ ਦੇ ਵੱਸ ਦਾ ਕੰਮ ਨਹੀਂ ਹੁੰਦਾ, ਇਸ ਲਈ ਨੈਣ ਆਪਣੇ ਹੁਨਰ 'ਤੇ ਮਾਣ ਕਰਦੀ ਹੋਈ ਕਰਾਰਾ ਜਵਾਬ ਦਿੰਦੀ ਹੈ:

**ਸਾਥੋਂ ਡਾਕ ਬੰਗਲਾ ਨਹੀਂ ਪੈਂਦਾ**
**ਉੱਤੇ ਪਾਦੂੰ ਮੋਰ ਘੁੱਗੀਆਂ**

ਇਉਂ ਇਹ ਮੋਰ, ਨਾਰਾਂ-ਮੁਟਿਆਰਾਂ ਦੇ ਸਿਰ 'ਤੇ ਵੀ ਪੈਲਾਂ ਪਾਉਂਦਾ ਹੈ। ਮੋਰ ਨਾਲ਼ ਸਬੰਧਤ ਭਾਵਪੂਰਤ ਜਜ਼ਬਾਤੀ ਬੋਲੀਆਂ ਵੀ ਲੋਕ-ਕਾਵਿ ਵਿੱਚ ਵੱਖਰੀ ਥਾਂ ਰੱਖਦੀਆਂ ਹਨ, ਵੰਨਗੀ ਵਜੋਂ:

**ਬਾਗ਼ਾਂ ਦੇ ਵਿੱਚ ਮੋਰ ਬੋਲਦੇ ਘੁੱਗੀ ਕਰੇ ਘੂੰ-ਘੂੰ,**
**ਮੈਂ ਸਾਂ ਖੂਹ 'ਤੇ ਪਾਣੀ ਭਰਦੀ**
**ਕੋਲ਼ ਦੀ ਲੰਘ ਗਿਆ ਤੂੰ,**
**ਕਾਲ਼ਜਾ ਮੱਚ ਗਿਆ ਵੇ,**
**ਬਾਹਰ ਨਾ ਨਿਕਲ਼ਿਆ ਧੂੰ...।**

ਦੂਜੀ ਬੋਲੀ ਹੈ:

**ਸੁਣ ਵੇ ਬਾਗ਼ ਦਿਆ ਬਾਗ਼ ਬਗੀਚਿਆ**
**ਸੁਣ ਵੇ ਬਾਗ਼ ਦਿਆ ਮਾਲੀ,**
**ਹੋਰਾਂ ਦੇ ਬਾਗ਼ੀਂ ਮੋਰ ਬੋਲਦੇ**
**ਤੇਰਾ ਬਾਗ਼ ਕਿਉਂ ਖਾਲੀ।**

ਬੋਲੀਆਂ ਤੋਂ ਇਲਾਵਾ ਮੋਰ ਅਲੰਕਾਰ ਵਰਤ ਕੇ ਸਿਰਜੇ ਲੰਮੇ ਗੌਣੇ ਜਦੋਂ ਵਿਆਹ-ਸ਼ਾਦੀ ਮੌਕੇ ਰਾਤ ਨੂੰ ਲੰਮੀਆਂ ਹੇਕਾਂ ਲਾ ਕੇ ਗਾਏ ਜਾਂਦੇ ਤਾਂ ਸੁਣਨ ਵਾਲ਼ੇ ਦੀ ਜਿੰਦ ਕੱਢ ਕੇ ਲੈ ਜਾਂਦੇ:

**ਅਸਾਂ ਬਾਗ਼ ਲਵਾਇਆ ਵੇ ਸਾਡੇ ਬਾਗ਼ਾਂ ਦਿਆ ਮੋਰਾ,**
**ਵੇ ਅਸੀਂ ਪੀਂਘਾਂ ਪਾਈਆਂ ਫੇਰਾ ਪਾ ਜਾਵੀਂ ਦਿਓਰਾ,**
**ਸਾਡੀ ਅੱਲ੍ਹੜ ਜਵਾਨੀ ਪੱਟ ਰੇਸ਼ਮ ਦੀਆਂ ਵੇ ਡੋਰਾਂ**

ਕਿਧਰੇ ਕੋਈ ਭਰਜਾਈ ਲਾਡਲੇ ਦਿਓਰ ਨੂੰ ਮੋਰ ਨਾਲ ਤੁਲਨਾ ਦਿੰਦੀ ਕਹਿੰਦੀ ਹੈ:

**ਕੀ ਪੈਲਾਂ ਪਾਉਂਦਾ ਵੇ, ਵੇ ਭਾਬੋ ਦਿਆ ਦਿਓਰਾ?**

**ਅੱਗੋਂ ਦਿਓਰ ਆਪਣੀ ਭਰਜਾਈ ਨੂੰ ਸਵਾਲ ਕਰਦਾ ਹੈ:**

**ਕੀ ਸਾਕ ਲਿਆਵੇਗੀ ਨੀਂ,**
**ਨੀਂ ਵੱਡੀਏ ਭਰਜਾਈਏ।**

ਚੁਸਤ ਚਲਾਕ ਭਰਜਾਈ ਵਿਚੋਲਗਿਰੀ ਬਦਲੇ ਦਿਓਰ ਤੋਂ ਸੱਗੀ ਦੀ ਮੰਗ ਕਰਦੀ ਹੋਈ ਇਸ ਲੰਮੇ ਗੌਣ ਵਿੱਚ ਟਿੱਕਾ, ਕਾਂਟੇ ਆਦਿ ਗਿਣਦੀ ਸਾਰੇ ਗਹਿਣੇ ਗਿਣਾ ਦਿੰਦੀ ਹੈ:

**ਕੀ ਪੈਲਾਂ ਪਾਉਂਦਾ ਵੇ, ਵੇ ਬਾਗ਼ਾਂ ਦਿਆ ਮੋਰਾ।**
**ਕੀ ਸੱਗੀ ਘੜਾਏਂਗਾ ਵੇ, ਵੇ ਭਾਬੋ ਦਿਆ ਦਿਓਰਾ।**

ਇਨ੍ਹਾਂ ਲੋਕ ਗੀਤਾਂ ਦੀ ਖ਼ੂਬੀ ਹੈ ਕਿ ਇਨ੍ਹਾਂ ਵਿੱਚ ਮਾਹੀ ਜਾਂ ਦਿਓਰ ਤੋਂ ਬਿਨਾਂ ਘਰੇਲੂ ਵਰਤਾਰੇ ਅਤੇ ਭੈਣ-ਭਰਾ ਜਾਂ ਸੱਸ-ਨਣਦ ਨਾਲ਼ ਸਬੰਧ ਰੱਖਣ ਵਾਲ਼ੇ ਗੌਣਾਂ ਵਿੱਚ ਵੀ ਮੋਰ ਬੋਲਦਾ ਹੈ। ਅਜਿਹੇ ਇੱਕ ਲੋਕ ਗੀਤ ਵਿੱਚ ਮੋਰ ਨੂੰ ਖ਼ੂਬਸੂਰਤੀ ਦਾ ਪ੍ਰਤੀਕ ਬਣਾ ਕੇ ਜਿਵੇਂ ਇਸ ਗੀਤ ਦੀ ਰਚਨਾ ਕਰਨ ਵਾਲੀ ਨੇ ਇਹ ਜ਼ਬਾਨੀ-ਕਲਾਮੀ ਸ਼ਬਦ ਜੜਤ ਜੜੀ ਹੈ, ਉਸ ਦੀ ਸੂਝ ਦਾ ਕਮਾਲ ਹੈ। ਵਿਆਕਰਣ ਜਾਂ ਵਿਧਾ ਅਨੁਸਾਰ ਇੱਥੇ ਮੋਰਨੀ ਸ਼ਬਦ ਆਉਣਾ ਚਾਹੀਦਾ ਸੀ ਪਰ ਸੋਚ-ਸਮਝ ਕੇ ਸੋਹਣੀ ਸੁਨੱਖੀ ਨਣਦ ਲਈ 'ਮੋਰ' ਸ਼ਬਦ ਵਰਤਿਆ ਹੈ ਕਿਉਂਕਿ ਮੋਰ ਸੁਹੱਪਣ ਵਿੱਚ ਮੋਰਨੀ ਨੂੰ ਮਾਤ ਪਾਉਂਦਾ ਹੈ। ਬੜਾ ਹੀ ਰੋਚਕ ਲੰਮਾ ਗੌਣ ਹੈ ਤੇ ਸ਼ਬਦਾਂ ਦੀ ਕਲਾਕਾਰੀ ਮੂੰਹੋਂ ਬੋਲਦੀ ਹੈ। ਇਹ ਭੈਣ-ਭਰਾ ਦੀ ਆਪਸੀ ਗੱਲਬਾਤ ਹੈ:

**ਛੋਹੀਆਂ ਪਾਂਵਦੀ ਵੀਰਾਂ ਵੇ ਕਾਗ ਉਡਾਂਵਦੀ**
**ਛੇਤੀ ਆ ਜਾ ਮੁੰਡਿਆ ਵੇ ਕੰਮ ਜ਼ਰੂਰ ਵੇ।**
**ਕੀ ਕੁਛ ਲਿਆਇਆ ਵੀਰਾ ਵੇ ਸੱਸ ਜੁ ਮੇਰੀ ਨੂੰ।**
**ਕੀ ਕੁਛ ਲਿਆਇਆ ਵੀਰਾ ਵੇ ਨਣਦੀ ਮੋਰ ਨੂੰ।**
**ਕੇਹੀ ਕੁ ਸੋਹਣੀ ਬੀਬੀ ਨੀਂ ਸੱਸ ਜੁ ਤੇਰੀ।**
**ਕੇਹੀ ਕੁ ਸੋਹਣੀ ਕੁੜੀਏ ਨੀਂ ਨਣਦੀ ਮੋਰ ਤੇਰੀ।**
**ਅੱਖਾਂ ਸੱਸ ਦੀਆਂ ਵੀਰਾਂ ਵੇ ਚੁੰਨ੍ਹਮ-ਚੁੰਨ੍ਹੀਆਂ**
**ਮੂੰਹ ਉਹਦਾ ਮੁੰਡਿਆ ਵੇ ਖਰਸ ਜੁ ਖਾਧੜਾ।**
**ਅੱਖਾਂ ਨਣਦ ਦੀਆਂ ਵੀਰਾ ਵੇ ਅੰਬਾਂ ਫਾੜੀਆਂ**
**ਮੂੰਹ ਉਹਦਾ ਮੁੰਡਿਆ ਵੇ ਜਿਉਂ ਖ਼ਰਬੂਜ਼ਾ।**
**ਪਾਟਕ ਟੈਂਗਣੀ (ਘੱਗਰੀ) ਲਿਆਇਆ ਸੱਸ ਜੁ ਤੇਰੀ ਨੂੰ**
**ਨੌ ਲੱਖਾ ਹਾਰ ਕੁੜੀਏ ਨੀਂ ਨਣਦੀ ਮੋਰ ਨੂੰ।**
**ਅੱਗ ਲਾਂਵਦੀ ਵੀਰਾ ਵੇ ਪਾਟਕ ਟੈਂਗਣੀ**
**ਤੋੜ ਮਰੋੜ ਦਿਆਂ ਮੁੰਡਿਆ ਵੇ ਨੌ ਲੱਖੇ ਹਾਰ ਨੂੰ**
**ਕੁਛ ਨਾ ਲਿਆਇਆ ਵੀਰਾ ਵੇ ਅੰਮਾ ਜਾਈ ਆਪਣੀ**
**ਕੂੰਜ ਵਿੱਛੜੀ ਮੁੰਡਿਆ ਵੇ ਵਿੱਚੋਂ ਡਾਰ ਨੂੰ।**

ਇਸ ਲੰਮੇ ਗੌਣ ਦਾ ਰੂਪਕ ਪੱਖ ਜਿਵੇਂ ਪੇਸ਼ ਕੀਤਾ ਗਿਆ ਹੈ, ਇਹ ਉਨ੍ਹਾਂ ਅਨਪੜ੍ਹ 'ਕਵਿਤਰੀਆਂ' ਦੀ ਤੀਖਣ ਬੁੱਧੀ ਦਾ ਪ੍ਰਤੱਖ ਝਲਕਾਰਾ ਹੈ। ਲੋਕ-ਕਾਵਿ ਵਿੱਚ ਜਿਵੇਂ ਮੋਰ ਨੇ ਭਰਵੀਂ ਹਾਜ਼ਰੀ ਲਵਾਈ ਹੈ, ਉੱਥੇ ਕੁਝ ਪੰਜਾਬੀ ਗੀਤਾਂ ਵਿੱਚ ਵੀ ਮੋਰ ਲੋਕ ਗੀਤਾਂ ਵਾਂਗੂੰ ਲੋਕਾਂ ਦੇ ਮੂੰਹ ਚੜ੍ਹਿਆ ਹੋਇਆ ਹੈ। ਲੰਮਾ ਅਰਸਾ ਪਹਿਲਾਂ ਗਾਇਆ ਇੱਕ ਬਹੁਤ ਪ੍ਰਸਿੱਧ ਪੰਜਾਬੀ ਗੀਤ ਅੱਜ ਵੀ ਲੋਕ ਮਨਾਂ 'ਚ ਗੂੰਜਦਾ ਹੈ ਜਿਸ ਨੂੰ ਲੋਕ-ਕਾਵਿ ਦਾ ਹਿੱਸਾ ਹੀ ਸਮਝਿਆ ਜਾਂਦਾ ਹੈ ਪਰ ਇਹ ਗੀਤ ਸਦਰ ਦੀਨ ਜਗਰਾਵਾਂ ਵਾਲੇ ਦਾ ਲਿਖਿਆ ਹੋਇਆ ਹੈ ਜੋ ਸੰਨ 1938 ਤੋਂ 1940 ਦੇ ਵਿੱਚ-ਵਿੱਚ ਰਿਕਾਰਡ ਹੋਇਆ ਹੈ। ਉਹ ਪੱਥਰ ਦੇ ਤਵਿਆਂ ਵਾਲਾ ਯੁੱਗ ਸੀ। ਇਹ ਤਵਾ ਨੰਬਰ ਆਰ. ਐੱਲ. 3062 'ਤੇ ਸਾਂਭਿਆ ਗੀਤ ਫ਼ਜ਼ਲ ਮੁਹੰਮਦ ਟੁੰਡਾ ਜਿਸ ਨੂੰ ਫ਼ਜ਼ਲਾ ਟੁੰਡਾ ਵੀ ਕਿਹਾ ਜਾਂਦਾ ਹੈ ਤੇ ਸਦੀਕ ਮੁਹੰਮਦ ਔੜੀਆ ਨੇ ਗਾਇਆ। ਸ਼ਾਇਰ ਸਦਰ ਨੇ ਬੁੱਤ ਨੂੰ ਮੋਰ ਨਾਲ ਤਸ਼ਬੀਹ ਦਿੰਦਿਆਂ ਜਿਸ ਢੰਗ ਨਾਲ਼ ਰੂਹ ਤੇ ਬੁੱਤ ਦਾ ਜ਼ਿਕਰ ਕੀਤਾ ਹੈ ਬਾ-ਕਮਾਲ ਹੈ। ਇਸੇ ਲਈ ਇਹ ਗੀਤ, ਪੰਜਾਬੀ ਲੋਕ-ਕਾਵਿ ਵਿੱਚ ਇਉਂ ਰਲ਼ ਗਿਆ ਜਿਵੇਂ ਘਿਓ-ਸ਼ੱਕਰ ਰਲ਼ ਜਾਂਦੇ ਹਨ। ਰੂਹ, ਬੁੱਤ ਨੂੰ ਕਲਹਿਰੀਆ ਮੋਰਾ' ਕਹਿੰਦੀ ਹੋਈ ਨਾਸ਼ਵਾਨ ਜੀਵਨ ਦਾ ਯਥਾਰਥ ਬਿਆਨ ਕਰਦੀ ਹੈ-

**ਬੁੱਤ ਨਿਮਾਣੇ ਨੂੰ ਹਰ ਵੇਲ਼ੇ**
**ਰੂਹ ਇਹੋ ਗੱਲ ਕਹਿੰਦੀ।**
**ਕਲਹਿਰੀਆ ਮੋਰਾ ਵੇ ਮੈਂ ਨਾ ਤੇਰੇ ਰਹਿੰਦੀ।**
**ਸਿਰ ਤੇਰੇ 'ਤੇ ਖੁਦੀ ਗ਼ਰੂਰ,**
**ਕਰਦੈਂ ਮੇਰੀ ਮੇਰੀ ਤੂੰ।**
**ਇਹ ਗੱਲ ਮੂਰਖ ਕਦੇ ਨਾ ਸੋਚੀ,**
**ਅੰਤ ਖ਼ਾਕ ਦੀ ਢੇਰੀ ਤੂੰ।**
**ਇੱਕ ਦਿਨ ਤਾਂ ਤੈਂ ਢਹਿ ਜਾਣਾ,**
**ਜਿਵੇਂ ਕੰਧ ਰੇਤ ਦੀ ਢਹਿੰਦੀ।**
**ਕਲਹਿਰੀਆ ਮੋਰਾ ਵੇ ਮੈਂ ਨਾ ਤੇਰੇ ਰਹਿੰਦੀ।**

ਸੰਪਰਕ: 98728-98599




# ਘਰ ਦੀ ਰਸੋਈ

ਪੇਸ਼ਕਸ਼: ਭਾਗਵੰਤੀ ਪੁਰਬਾ

## ਮੇਥੀ ਤੇ ਹਰੇ ਪਿਆਜ਼ ਦਾ ਸਲਾਦ


**ਸਮੱਗਰੀ :**

ਬਾਰੀਕ ਕੱਟਿਆ ਹਰਾ ਪਿਆਜ 2 ਕੱਪ, ਬਾਰੀਕ ਕੱਟੇ ਹੋਏ ਮੇਥੇ 1/2 ਕੱਪ, ਭੁੰਨੀ ਤੇ ਪੀਸੀ ਹੋਈ ਮੂੰਗਫਲੀ/ਛੋਲੇ 4 ਛੋਟੇ ਚਮਚ, ਨਿੰਬੂ 1, ਖੰਡ 1/2 ਛੋਟਾ ਚਮਚਾ, ਤੇਲ 1 ਛੋਟਾ ਚਮਚਾ, ਰਾਈ 1/2 ਛੋਟਾ ਚਮਚਾ, ਹਲਦੀ 1 ਚੁਟਕੀ, ਲੂਣ ਸਵਾਦ ਅਨੁਸਾਰ।

**ਵਿਧੀ :**

ਬਾਰੀਕ ਕੱਟਿਆ ਹਰਾ ਪਿਆਜ਼, ਮੇਥੀ ਦੇ ਪੱਤੇ, ਮੂੰਗਫਲੀ ਖੰਡ ਤੇ ਲੂਣ ਰਲਾ ਲਓ। ਤੇਲ ਗਰਮ ਕਰਕੇ ਰਾਈ ਤੜਕ ਲਓ। ਫਿਰ ਇਸ ਤੜਕੇ ਨੂੰ ਸਾਰੇ ਮਿਸ਼ਰਣ ਵਿਚ ਰਲਾ ਕੇ ਉਸ ਉਪਰ ਨਿੰਬੂ ਦਾ ਰਸ ਪਾ ਕੇ ਚੰਗੀ ਤਰਾਂ ਰਲਾਉਣ ਤੋਂ ਬਾਅਦ ਪਰੋਸੋ।

100 ਗ੍ਰਾਮ ਮੇਥੀ ਅਤੇ ਹਰੇ ਪਿਆਜ਼ ਦੇ ਸਲਾਦ ਵਿਚੋਂ 4.30 ਮਿਲੀਗ੍ਰਾਮ ਲੋਹਾ ਪ੍ਰਾਪਤ ਹੁੰਦਾ ਹੈ।









## ਪੁੰਗਰੀ ਦਾਲ ਤੇ ਹਰੇ ਪਿਆਜ਼ ਦਾ ਸਲਾਦ

**ਸਮੱਗਰੀ :**

ਪੁੰਗਰੀ ਸਾਬਤ ਮੂੰਗੀ 1 ਕੱਪ, ਬਾਰੀਕ ਕੱਟਿਆ ਹਰਾ ਪਿਆਜ਼ 1 ਕੱਪ, ਕੱਟਿਆ ਟਮਾਟਰ 1 ਕੱਪ, ਬਾਰੀਕ ਕੱਟਿਆ ਖੀਰਾ 1/4 ਕੱਪ, ਨਿੰਬੂ 1, ਬਾਰੀਕ ਕੱਟੀ ਹਰੀ ਮਿਰਚ ਸਵਾਦ ਅਨੁਸਾਰ, ਲੂਣ ਸਵਾਦ ਅਨੁਸਾਰ।

**ਵਿਧੀ :**

ਪੁੰਗਰੀ ਹੋਈ ਦਾਲ ਨੂੰ ਭਾਫ਼ ਨਾਲ ਥੋੜਾ ਜਿਹਾ ਪਕਾ ਲਓ। ਉੱਪਰ ਲਿਖੀ ਸਾਰੀ ਸਮੱਗਰੀ ਨੂੰ ਰਲਾ ਕੇ ਉਪਰ ਉੱਪਰ ਨਿੰਬੂ ਦਾ ਰਸ ਨਿਚੋੜ ਦਿਓ। ਠੰਢਾ ਕਰਕੇ ਪਰੋਸੋ।

ਪੁੰਗਰੀਆਂ ਦਾਲਾਂ ਵਿਚ ਵਿਟਾਮਿਨ ਸੀ ਕਾਫ਼ੀ ਕਾਤਰਾ ਵਿਚ ਹੁੰਦਾ ਹੈ ਅਤੇ ਇਹ ਸਰੀਰ ਵਿਚ ਲੋਹੇ ਦੇ ਸੋਖਣ ਨੂੰ ਵਧਾਉਂਦਾ ਹੈ। 100 ਗ੍ਰਾਮ ਪੁੰਗਰੀ ਦਾਲ ਅਤੇ ਹਰੇ ਪਿਆਜ਼ ਦੇ ਸਲਾਦ ਵਿਚੋਂ 2.69 ਮਿਲੀਗ੍ਰਾਮ ਲੋਹਾ ਪਾਇਆ ਜਾਂਦਾ ਹੈ।

# ਬੱਚਤ ਕਰਨੀ ਹੋਵੇ ਤਾਂ ਇਕੱਲੇ ਬਾਜ਼ਾਰ ਜਾਓ

ਔਰਤਾਂ ਜਦੋਂ ਇਕੱਠੀਆਂ ਬਾਜ਼ਾਰ ਜਾਂਦੀਆਂ ਹਨ ਤਾਂ ਉਹ ਵੱਧ ਖਰਚ ਕਰਦੀਆਂ ਹਨ, ਇਸ ਲਈ ਉਨ੍ਹਾਂ ਨੂੰ ਇਕੱਲੇ ਹੀ ਬਾਜ਼ਾਰ ਜਾਣਾ ਚਾਹੀਦਾ ਹੈ। ਸਹੇਲੀਆਂ ਨਾਲ ਖਰੀਦਦਾਰੀ ਕਰਨ ਜਾਣਾ ਭਾਵੇਂ ਖਰਚੀਲਾ ਹੋ ਸਕਦਾ ਹੈ ਪਰ ਇਕੱਲੇ ਬਾਜ਼ਾਰ ਜਾਣ ਦੀ ਬਜਾਏ ਇਹ ਵਧੇਰੇ ਆਨੰਦ ਦਾਇਕ ਹੈ। ਜਦੋਂ ਤੁਸੀਂ ਇਕੱਲੇ ਖਰੀਦਦਾਰੀ ਕਰਦੇ ਹੋ ਤਾਂ ਤੁਸੀਂ ਸੌਖਿਆਂ ਹੀ ਪਸੰਦ ਨਾ ਆਉਣ ਵਾਲੀ ਚੀਜ਼ ਨੂੰ ਨਾ ਖਰੀਦਣ ਦਾ ਫੈਸਲਾ ਕਰ ਸਕਦੇ ਹੋ।

ਕੁੜੀਆਂ ਨਾਲ ਜਦੋਂ ਤੁਸੀਂ ਜਾਂਦੇ ਹੋ ਤਾਂ ਸਿਰਫ ਖਰੀਦਦਾਰੀ ਹੀ ਨਹੀਂ ਕਰਦੇ, ਉਹ ਕਈ ਵਾਰ ਕੁਝ ਖਾਂਦੀਆਂ ਵੀ ਹਨ ਜਾਂ ਕੌਫੀ ਪੀਂਦੀਆਂ ਹਨ ਜਾਂ ਫਿਰ ਗੱਲ ਗੱਪੇ ਖਾਂਦੀਆਂ ਹਨ ਅਤੇ ਮੌਜ-ਮਸਤੀ ਕਰਦੀਆਂ ਹਨ, ਜਿਸ ਵਿਚ ਲੋੜ ਨਾਲੋਂ ਵੱਧ ਪੈਸਾ ਖਰਚ ਹੋ ਜਾਂਦਾ ਹੈ।



# ਅਨੇਕਾਂ ਬੀਮਾਰੀਆਂ ਲਈ ਫਾਇਦੇਮੰਦ ਨਾਰੀਅਲ ਪਾਣੀ



ਕੱਚੇ ਨਾਰੀਅਲ ਦੇ ਪਾਣੀ ਵਿਚ ਦੁੱਧ ਦੇ ਸਮਾਨ ਗੁਣ ਹੁੰਦੇ ਹਨ। ਨਾਰੀਅਲ ਦਾ ਪਾਣੀ ਗੁਲੂਕੋਜ਼ ਦੇ ਪਾਣੀ ਦੀ ਜਗ੍ਹਾ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਬੱਚਿਆਂ ਵਿਚ ਪਾਣੀ ਦੀ ਕਮੀ ਦੂਰ ਕਰਨ ਲਈ ਇਹ ਚੰਗਾ ਪੀਣ ਵਾਲਾ ਪਦਾਰਥ ਹੈ। ਇਹ ਪਾਣੀ ਜੀਵਾਣੂ-ਮੁਕਤ ਤੇ ਪੋਟਾਸ਼ੀਅਮ ਤੇ ਕਲੋਰੀਨ ਵਾਲਾ ਹੁੰਦਾ ਹੈ। ਇਸ ਲਈ ਇਹ ਦਿਲ, ਕਿਡਨੀ ਤੇ ਲਿਵਰ ਦੀਆਂ ਬੀਮਾਰੀਆਂ ਵੇਲੇ ਫਾਇਦੇਮੰਦ ਹੈ।

ਉਨੀਂਦਰੇ ਦੇ ਰੋਗੀਆਂ ਨੂੰ ਸੌਣ ਵੇਲੇ ਨਾਰੀਅਲ ਦਾ ਪਾਣੀ ਪੀਣਾ ਚਾਹੀਦਾ ਹੈ, ਇਸ ਨਾਲ ਨੀਂਦ ਚੰਗੀ ਆਉਂਦੀ ਹੈ। ਇਹ ਪਾਣੀ ਪੀਣ ਨਾਲ ਚਮੜੀ ਚਮਕਦਾਰ ਤੇ ਸੁੰਦਰ ਬਣਦੀ ਹੈ। ਪਿਸ਼ਾਬ ਵਿਚ ਜਲਨ ਹੋਣ 'ਤੇ ਨਾਰੀਅਲ ਦੇ ਪਾਣੀ ਵਿਚ ਹਰਾ ਧਨੀਆ ਤੇ ਗੁੜ ਮਿਲਾ ਕੇ ਪੀਓ। ਇਸ ਦੀ ਨਿਯਮਿਤ ਵਰਤੋਂ ਨਾਲ ਪੱਥਰੀ ਗਲ ਜਾਂਦੀ ਹੈ। ਡਾਇਰੀਏ ਦੇ ਸ਼ਿਕਾਰ ਲੋਕਾਂ ਨੂੰ ਨਾਰੀਅਲ ਖਾਣਾ ਚਾਹੀਦਾ ਹੈ। ਕੱਚੇ ਨਾਰੀਅਲ ਦੀ ਮਲਾਈ ਵਿਚ ਭਰਪੂਰ ਕੈਲੋਰੀ ਤੇ ਸੈਚੁਰੇਟਿਡ ਫੈਟ ਹੁੰਦਾ ਹੈ। ਇਹ ਆਸਾਨੀ ਨਾਲ ਪਚਦਾ ਹੈ। ਇਸ ਲਈ ਬਦਹਜ਼ਮੀ ਵੇਲੇ ਇਸ ਦੀ ਵਰਤੋਂ ਜ਼ਰੂਰ ਕਰੋ। ਥਕੇਵੇਂ, ਕਮਜ਼ੋਰੀ ਤੇ ਨਾੜੀ ਦੀਆਂ ਤਕਲੀਫਾਂ ਵੇਲੇ ਨਾਰੀਅਲ ਦਾ ਪਾਣੀ ਫਾਇਦੇਮੰਦ ਹੈ। ਨਾਰੀਅਲ ਚਬਾ-ਚਬਾ ਕੇ ਖਾਣ ਨਾਲ ਦੰਦਾਂ ਦੀਆਂ ਬੀਮਾਰੀਆਂ ਦੂਰ ਹੁੰਦੀਆਂ ਹਨ, ਪਾਚਨ ਸ਼ਕਤੀ ਵਧਦੀ ਹੈ ਅਤੇ ਭੁੱਖ ਖੁੱਲ੍ਹ ਕੇ ਲੱਗਦੀ ਹੈ। ਐਸੀਡਿਟੀ ਦੀ ਸ਼ਿਕਾਇਤ ਹੋਵੇ ਤਾਂ ਨਾਰੀਅਲ ਤੇ ਮਿਸ਼ਰੀ ਖਾਓ। ਸੱਟ ਜਾਂ ਮੋਚ ਆਉਣ 'ਤੇ ਨਾਰੀਅਲ ਦੀ ਗਿਰੀ ਨੂੰ ਬਾਰੀਕ ਪੀਸ ਕੇ ਉਸ ਵਿਚ ਥੋੜ੍ਹੀ ਜਿਹੀ ਹਲਦੀ ਮਿਲਾ ਕੇ ਸੇਕ ਦਿਓ ਅਤੇ ਉਸ ਦੀ ਪੱਟੀ ਬੰਨ੍ਹੋ। ਨਾਰੀਅਲ ਦੇ ਤੇਲ ਦੀ ਮਾਲਿਸ਼ ਨਾਲ ਦਿਮਾਗ ਠੰਡਾ ਰਹਿੰਦਾ ਹੈ। ਇਹ ਤੇਲ ਵਾਲਾਂ ਲਈ ਚੰਗਾ ਟਾਨਿਕ ਹੈ। ਨਿੰਬੂ ਦੇ ਰਸ ਵਿਚ ਨਾਰੀਅਲ ਦਾ ਤੇਲ ਮਿਲਾ ਕੇ ਵਾਲਾਂ ਦੀਆਂ ਜੜ੍ਹਾਂ ਵਿਚ ਮਾਲਿਸ਼ ਕਰਨ ਨਾਲ ਵਾਲ ਮੁਲਾਇਮ ਰਹਿੰਦੇ ਹਨ। ਖੁਜਲੀ ਹੋਣ 'ਤੇ ਨਾਰੀਅਲ ਦੇ ਤੇਲ ਵਿਚ ਕਪੂਰ ਤੇ ਗੰਧਕ ਮਿਲਾ ਕੇ ਖੁਜਲੀ ਵਾਲੀ ਥਾਂ 'ਤੇ ਲਗਾਓ। ਸੜ ਜਾਣ 'ਤੇ ਚੂਨੇ ਦੇ ਪਾਣੀ ਵਿਚ ਨਾਰੀਅਲ ਦਾ ਤੇਲ ਮਿਲਾ ਕੇ ਲਗਾਉਣਾ ਚਾਹੀਦਾ ਹੈ। ਇਸ ਨਾਲ ਜਲਦੀ ਆਰਾਮ ਮਿਲਦਾ ਹੈ।

ਜੰਤਰੀਆਂ, ਕੈਲੰਡਰ, ਡਾਇਰੀਆਂ, ਮੈਗਜੀਨ, ਪੁਸਤਕਾਂ, ਫਲੈਕਸ

ਛਪਵਾਉਣ ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

ਮਹਿਕ ਵਤਨ ਦੀ ਐਡਵੋਟਾਈਜਮੈਂਟ ਕੰਪਨੀ (ਰਜਿ:)

Help Line: 9988-92-9988
E-mail: mehakwattandi@rediffmail.com
www.mehakwatandilive.com

# ਤਸਵੀਰਾਂ ਬੋਲਦੀਆਂ !





ਵਾਰਡ ਨੰਬਰ 6 ਦੇ ਅਜੀਤ ਨਗਰ ਦੀ ਮੇਨ ਗਲੀ ਵਿਖੇ ਸਾਈਨ ਬੋਰਡ ਲਗਾਉਣ ਸਮੇਂ ਕੌਂਸਲਰ ਅਰਵਿੰਦਰ ਸਿੰਘ ਕਾਨਪੁਰੀਆਂ, ਮਹਿਕ ਵਤਨ ਦੀ ਲਾਈਵ ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਅਤੇ ਸਰਬੱਤ ਦਾ ਭਲਾ ਟਰੱਸਟ ਦੇ ਟਰੱਸਟੀ ਮੈਂਬਰਜ। ਫੋਟੋ ਤੇ ਵੇਰਵਾ: ਮਵਦੀਲਾ



ਨਾਨਕਸਰ ਕਲੇਰਾਂ (ਲੁਧਿਆਣਾ) ਵਿਖੇ ਫੁੱਟਬਾਲ ਕੱਪ 2023 ਕਰਵਾਇਆ ਗਿਆ ਜਿਸ ਵਿੱਚ 64 ਟੀਮਾਂ ਨੇ ਭਾਗ ਲਿਆ। ਇਸ ਫੁੱਟਬਾਲ ਕੱਪ ਵਿੱਚ ਗੁਰੂਨਾਨਕ ਫੁੱਟਬਾਲ ਕਲੱਬ ਮੋਗਾ ਸਿਟੀ ਦੀ ਟੀਮ ਨੇ ਪਹਿਲਾ ਸਥਾਨ ਹਾਸਿਲ ਕੀਤਾ। ਟੀਮ ਦੀ ਯਾਦਗਾਰੀ ਫੋਟੋ। ਫੋਟੋ ਤੇ ਵੇਰਵਾ: ਮਵਦੀਲਾ




ਨਾਨਕਸਰ ਕਲੇਰਾਂ (ਲੁਧਿਆਣਾ) ਵਿਖੇ ਫੁੱਟਬਾਲ ਕੱਪ 2023 ਵਿੱਚ ਗੁਰੂਨਾਨਕ ਫੁੱਟਬਾਲ ਕਲੱਬ ਮੋਗਾ ਸਿਟੀ ਦੀ ਟੀਮ ਦੇ ਖਿਡਾਰੀ ਗੁਰਕੀਰਤ ਸਿੰਘ (ਗੈਰੀ ਬੇਦੀ) ਨੂੰ ਬੈਸਟ ਪਲੇਅਰ ਦਾ ਐਵਾਰਡ ਮਿਲਿਆ ਉਸ ਨੂੰ ਮੋਟਰ ਸਾਈਕਲ ਨਾਲ ਸਨਮਾਨਿਤ ਕੀਤਾ ਗਿਆ। ਖੁਸ਼ੀ ਦੇ ਪਲਾ ਸਮੇਂ ਗੈਰੀ ਬੇਦੀ ਨਾਲ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਗੁਰਸੇਵਕ ਸਿੰਘ ਸੰਨਿਆਸੀ ਅਤੇ ਪ੍ਰੀਵਾਰਕ ਮੈਂਬਰ। ਫੋਟੋ ਤੇ ਵੇਰਵਾ: ਭਾਗਵੰਤੀ ਪੁਰਬਾ



ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨਿੰਜਗ ਡਾਇਰੈਕਟਰ ਉਘੇ ਸਮਾਜ ਸੇਵੀ ਡਾ. ਐਸ ਪੀ ਸਿੰਘ ਓਬਰਾਏ ਜੀ ਦੇ ਦਿਸ਼ਾ ਨਿਰਦੇਸ ਤੇ ਪਿੰਡ ਸਲੀਨਾ ਵਿਖੇ ਬੱਚਿਆਂ ਦੇ ਮੁੱਫਤ ਬਲੱਡ ਗਰੁੱਪ ਚੈਕ ਕਰਨ ਦਾ ਕੈਂਪ ਲਗਾਇਆ ਗਿਆ। ਇਸ ਮੌਕੇ ਹਾਜਰ ਹੋਈ ਜਿਲ੍ਹਾ ਮੋਗਾ ਦੀ ਟੀਮ ਨੂੰ ਪ੍ਰਿਸੀਪਲ ਸ਼੍ਰੀ ਮਤੀ ਗੁਰਪ੍ਰੀਤ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ।

# ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।





ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ
ਚੈਰੀਟੇਬਲ ਟਰੱਸਟ (ਰਜਿ.)

## ਸੰਨੀ ਓਬਰਾਏ

ਇਥੇ ਸਾਰੇ ਟੈਸਟ ਸਿਰਫ ਲਾਗਤ ਰੇਟਾਂ ਤੇ ਕੀਤੇ ਜਾਂਦੇ ਹਨ।
ਕਲੀਨੀਕਲ ਲੈਬ ਐਂਡ ਡਾਇਗਨੋਸਟਿਕ ਸੈਂਟਰ

ਨੇੜੇ ਗੁਰਦੁਆਰਾ ਸਾਹਿਬ, ਬਸਤੀ ਗੋਬਿੰਦਗੜ੍ਹ ਮੋਗਾ

## ਵੱਲੋਂ: ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਜ਼ਿਲ੍ਹਾ ਮੋਗਾ

SARBAT DA BHALA ਸਰਬੱਤ ਦਾ ਭਲਾ

# ਸਭ ਤੋਂ ਛੋਟੀ ਉਮਰ ਦੇ ਸਭ ਤੋਂ ਵੱਡੇ ਸ਼ਹੀਦ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।



## ਵੱਲੋਂ: 'ਮਹਿਕ ਵਤਨ ਦੀ ਲਾਈਵ' ਬਿਊਰੋ

ਮਾਸਿਕ ਪੰਜਾਬੀ ਮੈਗਜ਼ੀਨ - ਰੋਜ਼ਾਨਾ ਆਨਲਾਈਨ ਅਖ਼ਬਾਰ - ਵੈਬ ਟੀ.ਵੀ. ਚੈਨਲ
Help Line: 9988-92-9988 * www.mehakwatandilive.com

International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ਲਾਈਵ



ਭਵਨਦੀਪ ਸਿੰਘ ਪੁਰਬਾ
ਮੁੱਖ ਸੰਪਾਦਕ



ਭਾਗਵੰਤੀ ਪੁਰਬਾ
ਉੱਪ-ਮੁੱਖ ਸੰਪਾਦਕ



ਗੁਰਸੇਵਕ ਸਿੰਘ ਪੁਰਬਾ
ਮੁੱਖ ਪ੍ਰਤੀਨਿਧ ਵੈਨਕੂਵਰ (ਕੈਨੇਡਾ)



ਸੁਖਜੀਤ ਸਿੰਘ ਵਾਲੀਆ
ਇੰਚਾਰਜ ਪ੍ਰੋਟਿੰਗ ਵਿਭਾਗ



ਮਨਿੰਦਰ ਮੋਗਾ
ਇੰਚਾਰਜ ਵੈੱਬ ਟੀ.ਵੀ.



ਸਿਮਰਨਜੀਤ ਸਿੰਘ ਲਹੋਰੀਆ
ਇੰਚਾ. ਆਨਲਾਈਨ ਅਖਬਾਰ



ਹਰਜੀਤ ਕੌਰ ਗਿੱਲ
ਸਾਹਿਤਕ ਸੰਪਾਦਕ



ਇਕਬਾਲ ਸਿੰਘ ਖੋਸਾ
ਸਹਿ ਸੰਪਾਦਕ (ਜਰਨਲ)



ਬਾਬਾ ਜਸਵੀਰ ਸਿੰਘ ਜੀ ਲੋਹਾਰਾ
ਮੁੱਖ ਸਲਾਹਕਾਰ



ਗੁਰਮੇਲ ਸਿੰਘ ਬੌਡੇ
ਸਾਹਿਤਕ ਸਲਾਹਕਾਰ



ਕੁਲਵਿੰਦਰ ਸਿੰਘ ਤਾਰੇਵਾਲਾ
ਸਿਆਸੀ ਸਲਾਹਕਾਰ



ਡਾ. ਸਰਬਜੀਤ ਕੌਰ ਬਰਾੜ
ਵਿਸ਼ੇਸ਼ ਪ੍ਰਤੀਨਿਧ (ਮੈਗਜ਼ੀਨ)



ਰਾਜਵਿੰਦਰ ਰੌਂਤਾਂ
ਪ੍ਰਤੀਨਿਧ (ਆਨਲਾਈਨ ਅਖਬਾਰ)



ਰਾਜਿੰਦਰ ਖੋਸਾ
ਵਿਸ਼ੇਸ਼ ਪ੍ਰਤੀਨਿਧ (ਟੈਕਨੀਕਲ ਵਿ.)



ਜਗਤਾਰ ਸਿੰਘ ਪਰਮਿਲ
ਵਿਸ਼ੇਸ਼ ਪ੍ਰਤੀਨਿਧ (ਵੈੱਬ ਟੀ.ਵੀ)



ਹਰਜਿੰਦਰ ਸਿੰਘ ਬੱਡੂਵਾਲੀਆਂ
ਵਿਸ਼ੇਸ਼ ਪ੍ਰਤੀਨਿਧ (ਧਾਰਮਿਕ)

# ਸਾਹਿਬਜਾਦਿਆਂ ਦੀ ਸ਼ਹਾਦਤ ਦੇ ਸ਼ਹੀਦੀ ਜੋੜ ਮੇਲੇ ਦੇ ਸਬੰਧ ਵਿੱਚ 'ਮਹਿਕ ਵਤਨ ਦੀ ਲਾਈਵ' ਬਿਓਰੋ ਦਾ ਦਫਤਰ 21 ਦਸੰਬਰ ਤੋਂ 28 ਦਸੰਬਰ ਤੱਕ ਬੰਦ ਰਹੇਗਾ

## ਸਿਰਫ ਅਤੀ ਜਰੂਰੀ ਖਾਸ ਖਬਰਾਂ ਅਤੇ ਸਾਹਿਬਜਾਦਿਆਂ ਨਾਲ ਸਬੰਧਤ ਪ੍ਰੋਗਰਾਮਾਂ ਦੀਆਂ ਖਬਰਾਂ ਹੀ ਪ੍ਰਕਾਸ਼ਿਤ ਹੋਣਗੀਆਂ -ਭਵਨਦੀਪ ਸਿੰਘ

ਮੋਗਾ/ 20 ਦਸੰਬਰ 2023/ ਇਕਬਾਲ ਸਿੰਘ ਖੋਸਾ



ਸਾਹਿਬਜਾਦਿਆਂ ਦੀ ਸ਼ਹਾਦਤ ਦੇ ਸ਼੍ਰੀ ਫਤਹਿਗੜ੍ਹ ਸਾਹਿਬ (ਸਰਹੰਦ) ਦੇ ਸ਼ਹੀਦੀ ਜੋੜ ਮੇਲੇ ਦੇ ਸਬੰਧ ਵਿੱਚ 'ਮਹਿਕ ਵਤਨ ਦੀ ਲਾਈਵ' ਬਿਓਰੋ ਦਾ ਮੋਗਾ ਸਥਿਤ ਨਿੱਜੀ ਦਫਤਰ 21 ਦਸੰਬਰ ਤੋਂ 28 ਦਸੰਬਰ 2023 ਤੱਕ ਬੰਦ ਰਹੇਗਾ ਕਿਉਂਕਿ ਸਟਾਫ ਦੇ ਜਿਆਦਾਤਰ ਮੈਂਬਰ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ (ਜਲੰਧਰ) ਤੋਂ ਸ਼੍ਰੀ ਫਤਹਿਗੜ੍ਹ ਸਾਹਿਬ (ਸਰਹਿੰਦ) ਜਾਣ ਵਾਲੀ 15 ਵੀਂ ਪੈਦਲ ਯਾਤਰਾ ਵਿੱਚ ਸ਼ਾਮਿਲ ਹੋ ਰਹੇ ਹਨ ਅਤੇ ਸਟਾਫ ਦੇ ਜਿਆਦਾਤਰ ਮੈਂਬਰ ਇਨ੍ਹਾਂ ਦਿਨ੍ਹਾਂ ਵਿੱਚ ਖੁਸ਼ੀ ਦੇ ਪ੍ਰੋਗਰਾਮਾਂ, ਫੰਕਸ਼ਨਾਂ ਆਦਿ ਵਿੱਚ ਸ਼ਾਮਿਲ ਨਹੀਂ ਹੁੰਦੇ ਹਨ। ਇਹ ਜਾਣਕਾਰੀ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਨੇ ਆਪਣੇ ਨਿੱਜੀ ਦਫਤਰ ਵਿਖੇ ਸਟਾਫ ਨਾਲ ਸਾਂਝੀ ਕੀਤੀ। ਉਨ੍ਹਾਂ ਨੇ ਦੱਸਿਆਂ ਕਿ ਸਿਰਫ ਅਤੀ ਜਰੂਰੀ ਖਾਸ ਖਬਰਾਂ (ਬ੍ਰੇਕਿੰਗ ਨਿਊਜ) ਤੇ ਸਾਹਿਬਜਾਦਿਆਂ ਨਾਲ ਸਬੰਧਤ ਪ੍ਰੋਗਰਾਮਾਂ ਦੀਆਂ ਖਬਰਾਂ ਜਲੰਧਰ ਸਥਿਤ ਮੈਗਜੀਨ ਦੇ ਦਫਤਰ ਤੋਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਇਸ ਮੌਕੇ ਉਨ੍ਹਾਂ ਆਪਣੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਪੱਤਰਕਾਰਾਂ ਨੂੰ ਵੀ ਆਦੇਸ਼ ਦਿੱਤਾ ਕਿ ਇਨ੍ਹਾਂ ਦਿਨ੍ਹਾਂ 21 ਦਸੰਬਰ ਤੋਂ 28 ਦਸੰਬਰ ਤੱਕ ਸਿਰਫ ਅਤੀ ਜਰੂਰੀ ਖਾਸ ਖਬਰਾਂ ਅਤੇ ਸਾਹਿਬਜਾਦਿਆਂ ਨਾਲ ਸਬੰਧਤ ਪ੍ਰੋਗਰਾਮਾਂ ਦੀਆਂ ਖਬਰਾਂ ਹੀ ਭੇਜੀਆਂ ਜਾਣ।



ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ) ਨੇ ਆਪਣੇ ਸਟਾਫ ਅਤੇ ਪੱਤਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦੇ ਹੋਏ ਆਪਣੇ ਬੱਚਿਆਂ ਨੂੰ ਸਾਹਿਬਜਾਦਿਆਂ ਦੀ ਸ਼ਹਾਦਤ ਬਾਰੇ ਜਾਣੂ ਕਰਵਾਉਣ। ਇਸੇ ਮਕਸਦ ਨਾਲ ਉਹ ਸਾਹਿਬਜਾਦਿਆਂ ਦੀ ਸ਼ਹਾਦਤ ਦੇ ਦਿਨ੍ਹਾਂ ਵਿੱਚ ਉਨ੍ਹਾਂ ਦੀ ਸ਼ਹਾਦਤ ਬਾਰੇ ਵੱਧ ਤੋਂ ਵੱਧ ਪ੍ਰਚਾਰ ਕਰਨ ਵਿੱਚ ਆਪਣਾ ਤਿਲ ਮਾਤਰ ਯੋਗਦਾਨ ਜਰੂਰ ਪਾਉਣ। ਉਨ੍ਹਾਂ ਕਿਹਾ ਕਿ ਇਹ ਸਾਡਾ ਫਰਜ ਹੈ ਕਿ ਸ਼ਹਾਦਤ-ਏ-ਸਫਰ 21 ਦਸੰਬਰ ਤੋਂ 28 ਦਸੰਬਰ ਦੇ ਸਬੰਧ ਵਿੱਚ ਸਾਹਿਬਜਾਂਦਿਆਂ ਬਾਰੇ ਡੀ.ਪੀ. ਲਗਾਈਏ ਅਤੇ ਸਾਹਿਬਜਾਂਦਿਆਂ ਦੀ ਸਹਾਦਤ ਬਾਰੇ ਵੱਧ ਤੋਂ ਵੱਧ ਪੋਸਟਾਂ ਸ਼ੇਅਰ ਕਰੀਏ ਤਾਂ ਜੋ ਸਾਡੇ ਬੱਚੇ ਸਾਹਿਬਜਾਦਿਆਂ ਦੀ ਸ਼ਹਾਦਤ ਬਾਰੇ ਜਾਣੂ ਹੋ ਸਕਣ।

'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਇਸ ਕਾਰਜ ਵਿੱਚ ਯੋਗਦਾਨ ਪਾਉਂਦਿਆ ਕੁਝ ਡੀ.ਪੀ. ਅਤੇ ਪੋਸਟਾ ਤਿਆਰ ਕੀਤੀਆਂ ਹਨ ਜਿਨ੍ਹਾਂ ਨੂੰ ਸਾਰਾ ਸਟਾਫ ਆਪਣੇ ਵਟਸਐਪ ਗਰੁੱਪਾਂ ਅਤੇ ਹੋਰ ਸੋਸ਼ਲ ਮੀਡੀਆ ਤੇ ਸ਼ੇਅਰ ਕਰੇਗਾ।

ਨੋਟ: 21 ਦਸੰਬਰ 2023 ਤੋਂ 28 ਦਸੰਬਰ 2023 ਤੱਕ 'ਮਹਿਕ ਵਤਨ ਦੀ ਲਾਈਵ' ਬਿਓਰੋ ਦਾ ਹੈਲਪ ਲਾਈਨ ਨੰਬਰ ਵੀ ਬੰਦ ਰਹੇਗਾ। ਜਰੂਰੀ ਖਬਰ ਸਿਰਫ ਈ-ਮੇਲ: **mehakwatandi@rediffmail.com** ਤੇ ਭੇਜੀ ਜਾਵੇ।



ਸਾਹਿਬਜਾਦਾ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।

ਏਕਮ ਟਿਊਸ਼ਨ ਸੈਂਟਰ
ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ
EKAM Tution Center
CBSE / ICSE / Punjab School Edu. Board
All Subject of Nursury to 8 th Classes
Center: Basti Gobindgarh
Near Ghalan Walia Di Atta Chakki
1195, Ajit Nagar, Moga
Contact: 96460-21463

ਸਭ ਤੋਂ ਛੋਟੀਆਂ ਉਮਰਾਂ ਦੇ ਸਭ ਤੋਂ ਵੱਡੇ ਸ਼ਹੀਦ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।




ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ, ਚੰਦ ਪੁਰਾਣਾ
(ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ)
ਮੁੱਖ ਸੇਵਾਦਰ ਸਮਾਜ ਸੇਵੀ
ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ
ਸੰਪਰਕ: 98147-41305, 98148-41305



21 ਦਸੰਬਰ ਤੋਂ 28 ਦਸੰਬਰ

# ਸ਼ਫਰ-ਏ-ਸ਼ਹਾਦਤ



## ਸਭ ਤੋਂ ਛੋਟੀਆਂ ਉਮਰਾਂ ਦੇ ਸਭ ਤੋਂ ਵੱਡੇ ਸ਼ਹੀਦ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ ਅਤੇ ਸਮੂੰਹ ਸਟਾਫ

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016